# ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ

(ਨੈਕ ਅਕ੍ਰੈਡਿਟਡ 'ਏ' ਗ੍ਰੇਡ)

No 002742

## ਪ੍ਰਾਸਪੈਕਟਸ 2018-19

ਸਥਾਪਿਤ 1942

## PROSPECTUS 2018-19

Estd. 1942



# GOVT. BRIJINDRA COLLEGE
## FARIDKOT

(Affiliated to Punjabi University, Patiala)

Tel. : 01639-250753 (Office & Fax) e-mail : gcfaridkot@gmail.com
College Website : www.gbcfdk.org
University website : www.punjabiuniversity.ac.in

ਕੀਮਤ : ₹ 50 /-



# ਕਾਲਜ ਧੁਨੀ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਉਛਲੈ ਤਬ ਤਰਣੁ ਦੁਹੇਲਾ ॥
ਹਥੁ ਨ ਲਾਇ ਕੁਸੰਭੜੈ ਜਲਿ ਜਾਸੀ ਢੋਲਾ ॥ ਰਹਾਉ॥
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥
ਦੁਧਾ ਥਣੀ ਨਾ ਆਵਈ ਫਿਰਿ ਹੋਇ ਨ ਮੇਲਾ ॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥

(ਸ਼ੇਖ ਫ਼ਰੀਦ-ਸੂਹੀ ਲਲਿਤ)



# ਸੰਦੇਸ਼

ਬਹੁਤ ਪਿਆਰੇ ਵਿਦਿਆਰਥੀਓ ।

ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਇਸ ਖਿੱਤੇ ਦੀ ਗੌਰਵਮਈ ਅਤੇ ਸ਼ਾਨਮੱਤੀ ਸੰਸਥਾ ਹੈ। ਇਸ ਕਾਲਜ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀ ਨੈਸ਼ਨਲ ਅਸੈਸਮੈਂਟ ਅਤੇ ਅਕ੍ਰੈਡੀਟੇਸ਼ਨ ਕੌਂਸਲ (NAAC) ਬੰਗਲੌਰ ਦੁਆਰਾ ਲਗਾਤਾਰ ਦੂਜੀ ਵਾਰ 'A' Grade ਪ੍ਰਮਾਣਿਤ ਕੀਤਾ ਗਿਆ ਹੈ, ਜੋ ਆਪਣੇ-ਆਪ ਵਿੱਚ ਇਸ ਕਾਲਜ ਦੀ ਵਿਲੱਖਣ ਪ੍ਰਾਪਤੀ ਹੈ। ਤੁਸੀਂ ਮਹਾਨ ਅਤੇ ਅਮੀਰ ਰਵਾਇਤਾਂ ਵਾਲੇ ਇਸ ਕਾਲਜ ਵਿੱਚ ਦਾਖਲਾ ਹਾਸਲ ਕਰਕੇ ਇਸ ਦਾ ਅੰਗ ਬਣਨ ਦੀ ਖੁਸ਼ੀ ਅਤੇ ਮਾਣ ਹਾਸਲ ਕਰ ਰਹੇ ਹੋ। ਇਹ ਕਾਲਜ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ, ਤੁਹਾਡੇ ਭਵਿੱਖ ਨੂੰ ਘੜਨ ਅਤੇ ਤੁਹਾਡੀ ਸ਼ਖ਼ਸੀਅਤ ਦੇ ਬਹੁਪੱਖੀ ਵਿਕਾਸ ਵਾਸਤੇ ਤੁਹਾਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਨੂੰ ਯਕੀਨੀ ਬਣਾਏਗਾ। ਸਾਡਾ ਉਦੇਸ਼ ਤੁਹਾਨੂੰ ਸਰਵਪੱਖੀ ਗਿਆਨ ਪ੍ਰਦਾਨ ਕਰਾਉਣਾ ਹੈ ਤਾਂ ਜੋ ਤੁਸੀਂ ਮੁਕਾਬਲੇ ਦੇ ਇਸ ਦੌਰ ਦੀਆਂ ਚੁਣੌਤੀਆਂ ਦੇ ਸਨਮੁਖ ਹੋ ਕੇ, ਆਪਣੇ-ਆਪਣੇ ਖੇਤਰ ਵਿੱਚ ਜਿੱਤ ਨੂੰ ਆਪਣੇ ਨਾਂ ਕਰ ਸਕੋ। ਆਪਣਾ ਨਾਂ ਚੋਟੀ ਦੇ ਗਿਣਨਯੋਗ ਨਾਂਵਾਂ ਵਿੱਚ ਸ਼ਾਮਲ ਕਰਵਾਉਣ ਲਈ ਆਪਣੀ ਪਛਾਣ ਬਣਾਉਣ ਲਈ ਤੁਹਾਨੂੰ ਸਖ਼ਤ ਮਿਹਨਤ ਕਰਨੀ ਪਵੇਗੀ। ਤੁਹਾਡੇ ਇਸੇ ਕਰਮ ਵਿੱਚੋਂ ਜ਼ਿੰਦਗੀ ਦੀ ਗਤੀਸ਼ੀਲਤਾ ਨਜ਼ਰ ਆਵੇਗੀ। ਬਿਹਤਰ ਤੇ ਕਾਮਯਾਬ ਜ਼ਿੰਦਗੀ ਦੀ ਸੰਰਚਨਾ ਕਰਨ ਦੀ ਇੱਛਾ ਨੇ ਵਧੇਰੇ ਇਕਾਗਰ-ਚਿੱਤ ਹੋ ਕੇ ਮਿਹਨਤ ਕਰਨ ਲਈ ਤੁਹਾਡੇ ਅੰਦਰ ਨਵਾਂ ਉਤਸ਼ਾਹ ਪੈਦਾ ਕਰਨਾ ਹੈ। ਤੁਸੀਂ ਅਜਿਹੇ ਉਤਸ਼ਾਹ ਨੂੰ ਨਿਰੰਤਰ ਬਣਾਈ ਰੱਖਣਾ ਹੈ।

ਵਰਤਮਾਨ ਦਾ ਦ੍ਰਿਸ਼ ਤੁਹਾਡੇ ਸਾਹਮਣੇ ਹੈ। ਚੰਗੀਆਂ ਨੌਕਰੀਆਂ ਅਤੇ ਰੁਜ਼ਗਾਰ ਦੇ ਵਸੀਲੇ ਘੱਟ ਹਨ। ਸਮੇਂ ਦੀਆਂ ਜਟਿਲ ਚੁਣੌਤੀਆਂ ਸਵੀਕਾਰ ਕਰਕੇ ਜ਼ਿੰਦਗੀ ਦਾ ਟੀਚਾ ਮਿੱਥ ਕੇ, ਸਿਰੜੀ ਤੇ ਸੰਘਰਸ਼ਮਈ ਜੀਵਨ ਦੇ ਅਭਿਆਸੀ ਬਣਕੇ, ਨਿਰੰਤਰ ਸਾਧਨਾ ਕਰਕੇ ਹੀ ਕਾਮਯਾਬੀ ਦੇ ਦਰ ਤੇ ਦਸਤਕ, ਰਾਹਾਂ ਤੇ ਚੱਲਣ ਦੀ ਜਾਚ ਸਿੱਖਣੀ ਹੈ। ਹਰੇਕ ਨਵੇਂ ਸੂਰਜ ਨੂੰ ਆਪਣੇ ਨਾਂ ਕਰਵਾਉਣ ਦਾ ਹੁਨਰ ਸਿੱਖਣਾ ਹੈ।

ਤੁਸੀਂ ਨਵੀਂ ਭੂਮਿਕਾ ਲਿਖਣੀ ਹੈ, ਨਵੀਂ ਇਬਾਰਤ ਪੜ੍ਹਨੀ ਹੈ। ਆਪਣੀ ਸੁਚਾਰੂ ਸੋਚ ਨਾਲ ਤੁਸੀਂ ਸਮੇਂ ਦੇ ਸਭਿਆਚਾਰਕ ਨਕਸ਼ੇ ਵਿੱਚ ਵਿਲੱਖਣ ਰੰਗ ਭਰਨੇ ਹਨ ਤੇ ਸਮਾਜ ਨੂੰ ਨਵੇਂ ਮਿਆਰੀ ਰੰਗਾਂ ਵਿੱਚ ਰੰਗਣਾ ਹੈ। ਪੜ੍ਹਾਈ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣਾ, ਇਨ੍ਹਾਂ ਨੂੰ ਜੀਵਤ ਰੱਖਣਾ ਤੇ ਪਰਪੱਕ ਕਰਨਾ ਵੀ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ। ਇਸ ਕਾਲਜ ਦਾ ਅਕਾਦਮਿਕ, ਸਭਿਆਚਾਰਕ ਗਤੀਵਿਧੀਆਂ, ਖੇਡਾਂ, ਅਨੁਸ਼ਾਸਨ, ਸਮਾਜ ਸੇਵਾ ਆਦਿ ਦੇ ਖੇਤਰਾਂ ਵਿੱਚ ਗੌਰਵਸ਼ਾਲੀ ਤੇ ਮਾਣਮੱਤਾ ਸਥਾਨ ਹੈ। ਤੁਸੀਂ ਇਸ ਸੰਸਥਾ ਦੀ ਇਸ ਵੱਖਰੀ ਪਛਾਣ ਨੂੰ ਬਣਾਈ ਰੱਖਣ ਲਈ ਆਪਣੇ ਹਿੱਸੇ ਦਾ ਰੋਲ ਅਦਾ ਕਰਨਾ ਹੈ। ਇਸ ਫ਼ਰਜ਼ ਨੂੰ ਨਿਭਾਅ ਕੇ ਤੁਸੀਂ ਆਪਣੇ ਰੋਸ਼ਨ ਭਵਿੱਖ ਦੇ ਸਿਰਨਾਵਿਆਂ ਦੀ ਤਲਾਸ਼ ਕਰ ਰਹੇ ਹੋਵੋਗੇ। ਇਸ ਕਾਲਜ ਵਿੱਚ ਤੁਹਾਡਾ ਸਵਾਗਤ ਕਰਨ ਨੂੰ ਅਤੇ ਤੁਹਾਡੇ ਉੱਜਵਲ ਭਵਿੱਖ ਲਈ ਮੰਗਲਕਾਮਨਾ ਕਰਨ ਨੂੰ, ਮੈਂ ਆਪਣਾ ਖੁਸ਼ਗਵਾਰ ਫ਼ਰਜ਼ ਸਮਝਦਾ ਹਾਂ।

ਸ਼ੁਭ ਕਾਮਨਾਵਾਂ ਸਹਿਤ ।

(ਸਤਨਾਮ ਸਿੰਘ)
ਪ੍ਰਿੰਸੀਪਲ

# ਕਾਲਜ ਦੇ ਸਿਰਮੌਰ ਸਿਤਾਰੇ (ਸੈਸ਼ਨ-2017-18)

## ਅਕਾਦਮਿਕ ਖੇਤਰ (ਐਮ.ਐਸ.ਸੀ./ਐਮ.ਏ.)



ਸ਼ੀਨਮ
ਐਮ.ਐਸ.ਸੀ. (ਕਮਿਸਟਰੀ)
ਸਮੈਸਟਰ-I, ਪਹਿਲਾ ਸਥਾਨ (9.09)
ਸਮੈਸਟਰ-II, ਦੂਜਾ ਸਥਾਨ (7.77)



ਕਮਾਕਸ਼ੀ
ਐਮ.ਐਸ.ਸੀ. (ਕਮਿਸਟਰੀ)
ਸਮੈਸਟਰ-II, ਪਹਿਲਾ ਸਥਾਨ (8.3)



ਜੋਨੀਆਂ
ਐਮ.ਐਸ.ਸੀ. (ਕਮਿਸਟਰੀ)
ਸਮੈਸਟਰ-III, ਪਹਿਲਾ ਸਥਾਨ (9.09)



ਸਿਮਰਜੀਤ ਕੌਰ
ਐਮ.ਐਸ.ਸੀ. (ਕਮਿਸਟਰੀ)
ਸਮੈਸਟਰ-IV, ਪਹਿਲਾ ਸਥਾਨ (8.82)



ਅਮਨਦੀਪ ਕੌਰ
ਐਮ.ਏ. - I (ਪੰਜਾਬੀ)
ਸਮੈਸਟਰ-I
ਐਸ.ਜੀ.ਪੀ.ਏ. 7.8



ਸੁਖਦੀਪ ਕੌਰ
ਐਮ.ਏ. - I (ਪੰਜਾਬੀ)
ਸਮੈਸਟਰ-I
ਐਸ.ਜੀ.ਪੀ.ਏ. 7.8



ਅਮਨਦੀਪ ਕੌਰ
ਐਮ.ਏ. - II (ਪੰਜਾਬੀ)
ਸਮੈਸਟਰ-III ਅਤੇ IV
ਐਸ.ਜੀ.ਪੀ.ਏ. 7.8 ਅਤੇ 8.4



ਨਵਦੀਪ ਕੌਰ
ਐਮ.ਏ. (ਅੰਗਰੇਜ਼ੀ)
ਸਮੈਸਟਰ-I ਅਤੇ II
ਐਸ.ਜੀ.ਪੀ.ਏ. 7.50 ਅਤੇ 7.25



ਗਗਨ ਕੁਮਾਰ
ਐਮ.ਏ. - I (ਇਕਨਾਮਿਕਸ)
ਸਮੈਸਟਰ-II
ਐਸ.ਜੀ.ਪੀ.ਏ. 8.2



ਜਸਵਿੰਦਰ ਕੌਰ
ਐਮ.ਏ. - II (ਇਕਨਾਮਿਕਸ)
ਸਮੈਸਟਰ-III ਅਤੇ IV
ਐਸ.ਜੀ.ਪੀ.ਏ. 8.4 ਅਤੇ 8.2
ਦੂਜਾ ਸਥਾਨ ਯੂਨੀਵਰਸਿਟੀ



ਸੰਦੀਪ ਕੌਰ
ਐਮ.ਏ. - II (ਇਕਨਾਮਿਕਸ)
ਐਸ.ਜੀ.ਪੀ.ਏ. 8.0



ਪ੍ਰੀਤੀ ਅਰੋੜਾ
ਐਮ.ਏ. - II (ਇਕਨਾਮਿਕਸ)
ਐਸ.ਜੀ.ਪੀ.ਏ. 8.2



ਕਨਿਕਾ ਬਜਾਜ
ਐਮ.ਏ. - I (ਇਕਨਾਮਿਕਸ)
ਸਮੈਸਟਰ-I
ਐਸ.ਜੀ.ਪੀ.ਏ. 8.4



ਲੋਕੇਸ਼ ਕੁਮਾਰ
ਬੀ.ਕਾਮ-I, ਸਮੈਸਟਰ-I
ਪਹਿਲਾ ਸਥਾਨ (79.4%)



ਲਕਸ਼ਮੀ
ਬੀ.ਕਾਮ-I, ਸਮੈਸਟਰ-II
ਪਹਿਲਾ ਸਥਾਨ (81.2%)



ਕਰਿਸ਼ਮਾ ਸਿੰਘ
ਬੀ.ਕਾਮ-II, ਸਮੈਸਟਰ-III
ਪਹਿਲਾ ਸਥਾਨ (79.4%)



ਨੇਹਾ ਗੁਪਤਾ
ਬੀ.ਕਾਮ-III, ਸਮੈਸਟਰ-IV
ਪਹਿਲਾ ਸਥਾਨ (79.53%)



ਸਿਮਰਨ ਗਰੋਵਰ
ਬੀ.ਕਾਮ-II, ਸਮੈਸਟਰ-IV
ਪਹਿਲਾ ਸਥਾਨ (81.8%)



ਕੁਲਦੀਪ ਕੌਰ
ਬੀ.ਏ. - I
ਸਮੈਸਟਰ-I ਅਤੇ II ਪਹਿਲਾ ਸਥਾਨ
(81.819%) ਅਤੇ (78.18%)



ਕਵਿਤਾ ਰਾਣੀ
ਬੀ.ਏ. - II
ਸਮੈਸਟਰ-III
ਪਹਿਲਾ ਸਥਾਨ (83.4%)



ਪ੍ਰਭਜੋਤ ਕੌਰ
ਬੀ.ਏ. - II
ਸਮੈਸਟਰ-IV
ਪਹਿਲਾ ਸਥਾਨ (84.72%)



ਸੁਖਪ੍ਰੀਤ ਕੌਰ
ਬੀ.ਏ. - III
ਸਮੈਸਟਰ-V
ਪਹਿਲਾ ਸਥਾਨ (81.81%)



ਬਲਜਿੰਦਰ ਕੌਰ
ਬੀ.ਏ. - III
ਸਮੈਸਟਰ-VI
ਪਹਿਲਾ ਸਥਾਨ (82.36%)

# ਤਤਕਰਾ


| ਲੜੀ ਨੰ. | ਵਿਸ਼ਾ | ਪੰਨਾ ਨੰ. |
|---|---|---|
| 1. | ਪ੍ਰਵੇਸ਼ਕਾ | 4 |
| 2. | ਜ਼ਰੂਰੀ ਸੰਪਰਕ ਨੰਬਰ | 5 |
| 3. | ਦਾਖਲੇ ਦਾ ਸ਼ਡਿਊਲ | 5-6 |
| 4. | ਦਾਖਲੇ ਲਈ ਮਿਤੀਆਂ ਸਬੰਧੀ ਜਾਣਕਾਰੀ | 7-8 |
| 5. | ਸਟਾਫ਼ ਬਾਰੇ ਜਾਣਕਾਰੀ (ਅਧਿਆਪਨ ਤੇ ਗੈਰ ਅਧਿਆਪਨ) | 9-11 |
| 6. | ਪ੍ਰਮੁੱਖ ਪ੍ਰਬੰਧਕੀ ਸਹਿਯੋਗੀ | 11-14 |
| 7. | ਰਾਖਵੀਆਂ ਸੀਟਾਂ | 15 |
| 8. | ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ | 16 |
| 9. | ਦਾਖਲਾ ਫਾਰਮ ਨਾਲ ਨੱਥੀ ਦਸਤਾਵੇਜ਼ ਅਤੇ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਸਬੰਧੀ ਯੋਗਤਾ ਅਤੇ ਵਿਸ਼ਿਆਂ ਚੋਣ | 17-22 |
| 10. | ਕਾਲਜ ਅਨੁਸਾਸ਼ਨ ਸਬੰਧੀ ਨਿਯਮ/ਚਿਤਾਵਨੀਆਂ | 23 |
| 11. | ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਕੁੱਝ ਜ਼ਰੂਰੀ ਹਦਾਇਤਾਂ ਅਤੇ ਜਨਰਲ ਹਦਾਇਤਾਂ | 24-25 |
| 12. | ਵਜ਼ੀਫੇ/ਸਕਾਲਰਸ਼ਿਪ | 26-28 |
| 13. | ਹੋਸਟਲ ਅਤੇ ਹੋਸਟਲ ਸਬੰਧੀ ਜ਼ਰੂਰੀ ਹਦਾਇਤਾਂ | 29-30 |
| 14. | ਲਾਇਰਬ੍ਰੇਰੀ, ਈ-ਲਾਇਬ੍ਰੇਰੀ, ਸ਼ਨਾਖਤੀ ਕਾਰਡ ਸਬੰਧੀ ਨਿਯਮ | 30-31 |
| 15. | ਟਿਊਟੋਰੀਅਲ ਗਰੁੱਪ ਪ੍ਰਣਾਲੀ, ਪ੍ਰੈਕਟੋਰੀਅਲ ਗਰੁੱਪ ਪ੍ਰਣਾਲੀ, ਐਨ.ਐਸ.ਐਸ., ਐਨ.ਸੀ.ਸੀ., ਰੈਡ ਕਰਾਸ ਯੂਨਿਟ | 31-32 |
| 16. | ਪੀ.ਟੀ.ਏ., OSA, BALA, HEIS, ਬ੍ਰਿਜਿੰਦਰਾ ਸੱਭਿਆਚਾਰਕ ਮੰਚ, ਕਾਲਜ ਮੈਗਜ਼ੀਨ, ਬੈਂਕ ਸਹੂਲਤ, ਬੱਸ ਪਾਸ ਸਬੰਧੀ ਨਿਯਮ | 32-33 |
| 17. | ਕਾਲਜ ਛੱਡਣ ਸਬੰਧੀ, ਜੁਰਮਾਨੇ, ਫੀਸ ਅਦਾਇਗੀ ਦੇ ਨਿਯਮ, ਪੁਨਰ ਦਾਖਲਾ, ਛੁੱਟੀ ਬਾਰੇ ਸੂਚਨਾ | 33 |
| 18. | ਘਰੇਲੂ ਪ੍ਰੀਖਿਆਵਾਂ ਸਬੰਧੀ ਨਿਯਮ, ਹਾਜ਼ਰੀਆਂ ਸਬੰਧੀ ਨਿਯਮ | 34 |
| 19. | ਇਨਾਮਾਂ ਸਬੰਧੀ ਨਿਯਮ (ਰੋਲ ਆਫ਼ ਆਨਰ, ਕਾਲਜ ਕਲਰ, ਮੈਰਿਟ ਸਰਟੀਫਿਕੇਟ) | 35-38 |
| 20. | ਫੰਡ ਅਤੇ ਫੀਸ ਦੇ ਵੇਰਵੇ | 38-40 |
| 21. | ਦਾਖਲਾ ਫਾਰਮ | |
| 22. | ਪੇਂਡੂ ਵਿਦਿਆਰਥੀਆਂ ਲਈ ਰੂਰਲ ਏਰੀਆ ਸਰਟੀਫਿਕੇਟ ਪ੍ਰੋਫਾਰਮਾ ਅਤੇ ਆਰਜ਼ੀ ਸ਼ਨਾਖਤੀ ਕਾਰਡ ਦੇ ਫਾਰਮ | |

# ਪ੍ਰਵੇਸ਼ਕਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਨੂੰ ਪੰਜਾਬ ਦੀਆਂ ਪ੍ਰਮੁੱਖ ਵਿੱਦਿਅਕ ਸੰਸਥਾਵਾਂ ਵਿੱਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੈ। ਇਸ ਨੂੰ ਫਰੀਦਕੋਟ ਰਿਆਸਤ ਦੇ ਹੁਕਮਰਾਨ ਮਹਾਰਾਜਾ ਹਰਿੰਦਰ ਸਿੰਘ ਬਰਾੜ ਬੰਸ ਬਹਾਦਰ ਨੇ 23 ਮਾਰਚ, 1942 ਈ. ਨੂੰ ਆਪਣੇ ਪਿਤਾ ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਯਾਦ ਵਿੱਚ ਸਥਾਪਿਤ ਕੀਤਾ ਸੀ। ਇਸ ਦੇ ਬਾਨੀ ਪ੍ਰਿੰਸੀਪਲ ਸ੍ਰੀ ਮੋਹਨ ਲਾਲ ਖੋਸਲਾ ਜੀ ਸਨ।

'ਬ੍ਰਿਜਿੰਦਰਾ ਕਾਲਜ' ਪੰਜਾਬ ਦੇ ਉਨ੍ਹਾਂ ਚੋਣਵੇਂ ਸਰਕਾਰੀ ਕਾਲਜਾਂ ਵਿੱਚੋਂ ਇੱਕ ਹੈ ਜਿੰਨ੍ਹਾਂ ਨੂੰ ਨੈਕ ਦੁਆਰਾ 'ਏ-ਗਰੇਡ' ਨਾਲ ਪ੍ਰਮਾਣਿਤ ਕੀਤਾ ਗਿਆ ਹੈ। ਇਸ ਕਾਲਜ ਨੇ ਆਪਣੇ ਗੌਰਵਮਈ ਇਤਿਹਾਸ, ਮਾਣਮੱਤੇ ਅਧਿਆਪਕਾਂ, ਮਿਹਨਤੀ ਗੈਰ-ਅਧਿਆਪਨ ਸਟਾਫ਼ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਮੂਹਿਕ ਯੋਗਦਾਨ ਸਦਕਾ ਸਾਰੇ ਦੇਸ਼ ਦੀਆਂ ਉੱਚ-ਸਿੱਖਿਆ ਪ੍ਰਦਾਨ ਕਰ ਰਹੀਆਂ ਸੰਸਥਾਵਾਂ ਵਿੱਚ ਇੱਕ ਉੱਚਾ ਦਰਜਾ ਪ੍ਰਾਪਤ ਕਰ ਲਿਆ ਹੈ। ਅਕਾਦਮਿਕ, ਸਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਜੋ ਮੀਲ ਪੱਥਰ ਇਸ ਕਾਲਜ ਦੇ ਵਿਦਿਆਰਥੀਆਂ ਨੇ ਸਥਾਪਿਤ ਕੀਤੇ ਹਨ, ਇਸ ਕਾਲਜ ਅਤੇ ਇਲਾਕੇ ਲਈ ਬੜੇ ਗੌਰਵਮਈ ਹਨ।

ਸ਼ਾਨਦਾਰ ਦਿੱਖ, ਵਿਸ਼ਾਲ ਚੌਗਿਰਦੇ, ਖੁੱਲ੍ਹੇ ਖੇਡ ਦੇ ਮੈਦਾਨਾਂ ਅਤੇ ਫੁੱਲ ਬੂਟਿਆਂ ਨਾਲ ਸ਼ੋਭਾ ਦੇ ਰਹੇ ਮਨਮੋਹਕ ਪਾਰਕਾਂ ਵਾਲਾ, ਇਸ ਕਾਲਜ ਦਾ ਵਿਹੜਾ, ਇੱਕ ਦਿਲਕਸ਼ ਅਤੇ ਅਕਾਦਮਿਕ ਵਾਤਾਵਰਣ ਪੇਸ਼ ਕਰਦਾ ਹੈ। ਆਪਣੀ ਸਥਾਪਤੀ ਦੇ ਅੱਧੀ ਸਦੀ ਤੋਂ ਵੱਧ ਅਰਸੇ ਤੋਂ ਇਹ ਕਾਲਜ ਫ਼ਰੀਦਕੋਟ ਸ਼ਹਿਰ, ਇਸ ਦੇ ਆਲੇ-ਦੁਆਲੇ ਦੇ ਪੇਂਡੂ ਖੇਤਰ ਅਤੇ ਦੂਰ ਦੁਰਾਡੇ ਦੇ ਵਿਦਿਆਰਥੀਆਂ ਲਈ ਗਿਆਨ-ਸੰਚਾਰ ਦਾ ਕੇਂਦਰ ਹੈ। ਇਸ ਕਾਲਜ ਵਿੱਚੋਂ ਵਿੱਦਿਆ ਗ੍ਰਹਿਣ ਕਰ ਚੁੱਕੇ ਵਿਦਿਆਰਥੀ, ਜੀਵਨ ਦੇ ਵਿਭਿੰਨ ਖੇਤਰਾਂ ਵਿੱਚ ਉੱਚੀਆਂ ਪਦਵੀਆਂ ਤੇ ਸ਼ਸ਼ੋਭਿਤ ਰਹੇ ਹਨ ਅਤੇ ਹੁਣ ਵੀ ਹਨ। ਸਿੱਖਿਆ, ਇੰਜੀਨੀਅਰਿੰਗ, ਖੇਤੀਬਾੜੀ, ਪ੍ਰਸ਼ਾਸ਼ਨ, ਰਾਜਨੀਤੀ, ਡਾਕਟਰੀ, ਸਾਹਿਤ, ਕਲਾ, ਫੌਜ ਅਤੇ ਖੇਡਾਂ ਦੇ ਖੇਤਰ ਵਿੱਚ ਅਨੇਕਾਂ ਸਿਤਾਰਿਆਂ ਨੂੰ ਬ੍ਰਿਜਿੰਦਰਾ ਕਾਲਜ ਦੀ ਉਪਜ ਹੋਣ ਦਾ ਗੌਰਵਮਈ ਅਹਿਸਾਸ ਹੈ। ਆਦਰਸ਼ ਅਤੇ ਗੁਣਾਤਮਕ ਸਿੱਖਿਆ ਦੇ ਆਧੁਨਿਕ ਸੰਕਲਪ ਦੀ ਪਾਲਣਾ ਹਿੱਤ ਬ੍ਰਿਜਿੰਦਰਾ ਕਾਲਜ ਆਪਣੇ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਰਵਪੱਖੀ ਵਿਕਾਸ ਦੇ ਲਕਸ਼ ਨੂੰ ਸਨਮੁੱਖ ਰੱਖਦਾ ਹੈ। ਅਕਾਦਮਿਕ ਸਹੂਲਤਾਂ ਦੇ ਨਾਲ ਨਾਲ ਇਹ ਕਾਲਜ ਖੇਡਾਂ, ਸਭਿਆਚਾਰਕ ਅਤੇ ਸਾਹਿੱਤਕ ਗਤੀਵਿਧੀਆਂ ਲਈ ਅਨੁਕੂਲ ਵਾਤਾਵਰਣ ਪ੍ਰਦਾਨ ਕਰਨ ਲਈ ਯਤਨਸ਼ੀਲ ਹੈ। ਵਿਦਿਆਰਥੀਆਂ ਨੂੰ ਆਧੁਨਿਕ ਤਕਨਾਲੋਜੀ ਨਾਲ ਸਿੱਖਿਆ ਪ੍ਰਦਾਨ ਕਰਨ ਲਈ ਕਾਲਜ ਵਿੱਚ Virtual ਕਲਾਸਰੂਮ, Smart ਕਲਾਸਰੂਮ ਅਤੇ wi-fi ਕੈਂਪਸ ਦੀਆਂ ਸਹੂਲਤਾਂ ਉਪਲੱਬਧ ਹਨ।

ਖੇਡਾਂ ਵਿੱਚ ਕੁਸ਼ਤੀਆਂ, ਹਾਕੀ, ਵਾਲੀਬਾਲ, ਕ੍ਰਿਕਟ, ਚੈਸ, ਤਾਈਕਵਾਂਡੋ, ਟੈਨਿਸ, ਟੇਬਲ-ਟੈਨਿਸ ਆਦਿ ਦੇ ਨਾਲ ਨਾਲ ਇੱਕ ਆਧੁਨਿਕ ਸਹੂਲਤਾਂ ਵਾਲਾ ਸਵਿਮਿੰਗ ਪੂਲ ਵੀ ਹੈ। ਅਥਲੈਟਿਕਸ ਦੇ ਖੇਤਰ ਵਿੱਚ ਖੇਡ ਪ੍ਰਤਿਭਾ ਨੂੰ ਪ੍ਰਫੁੱਲਤ ਹੋਣ ਦੇ ਅਵਸਰ ਵੀ ਉਪਲੱਬਧ ਹਨ। ਕਾਲਜ ਦੇ ਗੁਆਂਢ ਵਿੱਚ ਸਥਿਤ ਜ਼ਿਲ੍ਹਾ ਖੇਡ ਵਿਭਾਗ ਹੈ ਜਿਸ ਵਿੱਚ ਆਧੁਨਿਕ ਸਹੂਲਤਾਂ ਵਾਲਾ ਜਿਮਨੇਜ਼ੀਅਮ ਅਤੇ ਸਟੇਡੀਅਮ ਹਨ। ਕਾਲਜ ਵਿੱਚ ਜ਼ਿਲ੍ਹਾ ਖੇਡ ਵਿਭਾਗ ਵੱਲੋਂ ਆਧੁਨਿਕ ਹਾਕੀ ਸਟੇਡੀਅਮ (ਐਸਟਰੋਟਰਫ ਗਰਾਊਂਡ) ਵੀ ਬਣਾਇਆ ਗਿਆ ਹੈ। ਖਿਡਾਰੀਆਂ ਦੀ ਸਰੀਰਕ ਬਣਤਰ ਸਡੌਲ ਰੱਖਣ ਲਈ ਕਾਲਜ ਵਿੱਚ ਆਧੁਨਿਕ ਹੈਲਥ ਕਲੱਬ ਸਥਾਪਿਤ ਹੈ ਜਿੱਥੇ ਵਿਦਿਆਰਥੀ ਸਰੀਰਕ ਅਰੋਗਤਾ ਨੂੰ ਕਾਇਮ ਰੱਖਦੇ ਹਨ।

ਵਿਦਿਆਰਥੀਆਂ ਵਿੱਚ ਕਲਾਤਮਕ, ਸੁਹਜਾਤਮਕ, ਸੱਭਿਆਚਾਰਕ ਅਤੇ ਸਮਾਜ ਸੇਵੀ ਰੁਚੀਆਂ ਪੈਦਾ ਕਰਨ ਲਈ ਕਾਲਜ ਦੇ ਯੁਵਕ ਭਲਾਈ ਵਿਭਾਗ, ਨੈਸ਼ਨਲ ਕੈਡਿਟ ਕੋਰ (N.C.C.), ਰੈਡ ਕਰਾਸ ਸੁਸਾਇਟੀ ਅਤੇ ਰਾਸ਼ਟਰੀ ਸੇਵਾ ਯੋਜਨਾ (N.S.S.) ਸਾਰਾ ਸਾਲ ਕਿਰਿਆਸ਼ੀਲ ਰਹਿੰਦੇ ਹਨ। ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਵੱਖ-ਵੱਖ ਵਿਭਾਗਾਂ ਵਿੱਚ ਵਿਦਿਆਰਥੀਆਂ ਦੀਆਂ ਵਿਭਾਗੀ ਐਸੋਸੀਏਸ਼ਨ ਕੰਮ ਕਰ ਰਹੀਆਂ ਹਨ। ਕਾਲਜ ਵਿੱਚ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ (ਰਜਿ.) ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ (H.E.I.S.-GBC) ਬਣਾਈ ਗਈ ਹੈ।

## ਜ਼ਰੂਰੀ ਸੰਪਰਕ ਨੰਬਰ

| | |
|---|---|
| ਪ੍ਰਿੰਸੀਪਲ (ਦਫ਼ਤਰ) | 01639-250753 |
| ਪ੍ਰੋ. ਹੁਸ਼ਿਆਰ ਸਿੰਘ (ਵਾਈਸ ਪ੍ਰਿੰਸੀਪਲ) | 98558-07520 |
| ਪ੍ਰੋ. ਨਵੀਨ ਜੈਨ (ਬਰਸਰ) | 94644-09089 |
| ਪ੍ਰੋ. ਤਜਿੰਦਰ ਸਿੰਘ (ਸਟਾਫ਼ ਸਕੱਤਰ) | 98146-20158 |
| ਪ੍ਰੋ. (ਡਾ.) ਪੂਜਾ ਭੱਲਾ (ਰਜਿਸਟਰਾਰ) | 98726-50676 |
| ਪ੍ਰੋ. (ਡਾ.) ਪਰਮਿੰਦਰ ਸਿੰਘ (ਯੂਥ ਕੋਆਰਡੀਨੇਟਰ) | 98763-00624 |
| ਪ੍ਰੋ. ਤਜਿੰਦਰ ਸਿੰਘ ਢੀਂਡਸਾ (ਹੋਸਟਲ ਕਨਵੀਨਰ) | 94639-31610 |
| ਸ੍ਰੀਮਤੀ ਗੁਰਮੀਤ ਕੌਰ (ਸਟੈਨੋ) | 94647-87170 |

## ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਕੋਰਸ

| ਕੋਰਸ | ਸਮੈਸਟਰ/ਸਲਾਨਾ ਪ੍ਰਣਾਲੀ | ਸੀਟਾਂ ਦੀ ਗਿਣਤੀ |
|---|---|---|
| 1. ਐਮ.ਏ. (ਅਰਥ-ਸ਼ਾਸਤਰ) | ਸਮੈਸਟਰ ਪ੍ਰਣਾਲੀ | 40 |
| 2. ਐਮ.ਏ. (ਪੰਜਾਬੀ) | ਸਮੈਸਟਰ ਪ੍ਰਣਾਲੀ | 40 |
| 3. ਐਮ.ਏ. (ਅੰਗ੍ਰੇਜ਼ੀ) | ਸਮੈਸਟਰ ਪ੍ਰਣਾਲੀ | 30 ਸੈਲਫ ਫਾਇਨਾਂਸ |
| 4. ਐਮ.ਐਸ.ਸੀ. (ਕਮਿਸਟਰੀ) | ਸਮੈਸਟਰ ਪ੍ਰਣਾਲੀ | 30 ਸੈਲਫ ਫਾਇਨਾਂਸ |
| 5. ਬੀ.ਐਸ.ਸੀ. (ਖੇਤੀਬਾੜੀ) ਚਾਰ ਸਾਲਾ ਕੋਰਸ | ਸਮੈਸਟਰ ਪ੍ਰਣਾਲੀ | 40 ਰੈਗੂਲਰ<br>40 ਸੈਲਫ ਫਾਇਨਾਂਸ |
| 6. ਬੀ.ਐਸ.ਸੀ. (ਮੈਡੀਕਲ ਅਤੇ ਨਾਨ-ਮੈਡੀਕਲ) | ਸਮੈਸਟਰ ਪ੍ਰਣਾਲੀ | 60 (ਹਰੇਕ ਵਿੱਚ) |
| 7. ਬੀ.ਕਾਮ. | ਸਮੈਸਟਰ ਪ੍ਰਣਾਲੀ | 60 |
| 8. ਬੀ.ਏ. | ਸਮੈਸਟਰ ਪ੍ਰਣਾਲੀ | * |
| 9. ਬੀ.ਸੀ.ਏ. | ਸਮੈਸਟਰ ਪ੍ਰਣਾਲੀ | 40 (ਸੈਲਫ ਫਾਇਨਾਂਸ) |

* ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਤੀ ਸੈਕਸ਼ਨ ਵਿਦਿਆਰਥੀਆਂ ਦੀ ਗਿਣਤੀ 80 ਨਿਰਧਾਰਿਤ ਕੀਤੀ ਗਈ ਹੈ। ਸਟਾਫ਼ ਦੀ ਉਪਲੱਬਧਤਾ ਦੇ ਆਧਾਰ ਤੇ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਕੀਤੀ ਜਾਵੇਗੀ।

## ਸਮੈਸਟਰ ਅਤੇ ਸਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ (ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਨੁਸਾਰ)

| | | |
|---|---|---|
| 1 | ਬਿਨਾਂ ਲੇਟ ਫੀਸ | 16-07-2018 ਤੋਂ 23-07-2018 ਤੱਕ |
| 2 | 500/- ਰੁਪੈ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 24-07-2018 ਤੋਂ 03-08-2018 ਤੱਕ |
| 3 | 1000/- ਰੁਪੈ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 04-08-2018 ਤੋਂ 10-08-2018 ਤੱਕ |
| 4 | 1500/- ਰੁਪੈ ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 11-08-2018 ਤੋਂ 20-08-2018 ਤੱਕ |
| 5 | 2000/- ਰੁਪੈ ਲੇਟ ਫੀਸ ਨਾਲ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 21-08-2018 ਤੋਂ 31-08-2018 ਤੱਕ |

## ਸਮੈਸਟਰ ਸਿਸਟਮ ਦੀ ਪੜ੍ਹਾਈ (ਜਿਨ੍ਹਾਂ ਕੋਰਸਾਂ ਵਿੱਚ ਸਮੈਸਟਰ ਸਿਸਟਮ ਲਾਗੂ ਹੈ)

| | | |
|---|---|---|
| 1 | ਪਹਿਲੇ, ਤੀਜੇ, ਪੰਜਵੇਂ, ਸੱਤਵੇਂ ਸਮੈਸਟਰ ਦੀ ਪੜ੍ਹਾਈ | ਮਿਤੀ 24-07-2018 ਤੋਂ 20-11-2018 ਤੱਕ |
| 2 | ਪਹਿਲੇ, ਤੀਜੇ, ਪੰਜਵੇਂ, ਸੱਤਵੇਂ ਸਮੈਸਟਰ ਦੇ ਇਮਤਿਹਾਨ | ਮਿਤੀ 26-11-2018 ਤੋਂ |
| 3 | ਦੂਜੇ, ਚੌਥੇ, ਛੇਵੇਂ, ਅੱਠਵੇਂ ਸਮੈਸਟਰ ਦੀ ਪੜ੍ਹਾਈ | ਮਿਤੀ 08-01-2019 ਤੋਂ 02-05-2019 ਤੱਕ |
| 4 | ਦੂਜੇ, ਚੌਥੇ, ਛੇਵੇਂ, ਅੱਠਵੇਂ ਸਮੈਸਟਰ ਦੇ ਇਮਤਿਹਾਨ | ਮਿਤੀ 06-05-2019 ਤੋਂ |

## ਕਾਲਜ ਦੀਆਂ ਛੁੱਟੀਆਂ ਦੇ ਵੇਰਵੇ

| | | |
|---|---|---|
| 1 | ਗਰਮੀਆਂ ਦੀਆਂ ਛੁੱਟੀਆਂ | ਮਿਤੀ 04-06-2018 ਤੋਂ 14-07-2018 ਤੱਕ |
| 2 | ਕਾਲਜ ਖੁੱਲ੍ਹਣ ਦੀ ਮਿਤੀ | ਮਿਤੀ 16-07-2018 |
| 3 | ਸਰਦੀਆਂ ਦੀਆਂ ਛੁੱਟੀਆਂ | ਮਿਤੀ 24-12-2018 ਤੋਂ 06-01-2019 ਤੱਕ |

ਸੈਸ਼ਨ 2018-19 ਤੋਂ ਸਲਾਨਾ ਪ੍ਰਣਾਲੀ/ਸਮੈਸਟਰ ਪ੍ਰਣਾਲੀ ਅਧੀਨ ਵੱਖ-ਵੱਖ ਕੋਰਸਾਂ ਵਿੱਚ ਪੁਨਰ-ਮੁਲਾਂਕਣ ਦੇ ਅਧਾਰ ਤੇ ਅਗਲੀ ਕਲਾਸ ਵਿੱਚ ਦਾਖਲੇ 15 ਦਿਨਾਂ ਦੇ ਅੰਦਰ-ਅੰਦਰ ਕਰਨ ਦੀ ਸੁਵਿਧਾ ਸਮੈਸਟਰ ਸਿਸਟਮ ਅਧੀਨ 14-09-2018 ਅਤੇ ਸਲਾਨਾ ਪ੍ਰਣਾਲੀ ਅਧੀਨ 30-11-2018 ਹੋਵੇਗੀ। ਇਸ ਉਪਰੰਤ ਪੁਨਰ ਮੁਲਾਂਕਣ ਦੇ ਅਧਾਰ 'ਤੇ ਵੱਖ-ਵੱਖ ਕੋਰਸਾਂ (ਸਲਾਨਾ ਪ੍ਰਣਾਲੀ) ਦੇ ਲੇਟ ਘੋਸ਼ਿਤ ਨਤੀਜੇ ਦੀ ਸੂਰਤ ਵਿੱਚ ਦਾਖਲੇ ਲਈ ਕੋਈ ਕੇਸ ਨਹੀਂ ਵਿਚਾਰਿਆ ਜਾਵੇਗਾ।

ਨੋਟ:

1. ਸਮੈਸਟਰ ਪ੍ਰਣਾਲੀ ਲਈ 14 ਸਤੰਬਰ, 2018 ਅਤੇ ਸਲਾਨਾ ਪ੍ਰਣਾਲੀ ਲਈ 30 ਨਵੰਬਰ 2018 ਤੋਂ ਬਾਅਦ ਕਿਸੇ ਵੀ ਕੋਰਸ ਵਿੱਚ ਦਾਖਲੇ ਦੀ ਸੁਵਿਧਾ/ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।
2. ਲੇਟ ਫੀਸ ਨਾਲ ਕੀਤੇ ਦਾਖਲਿਆਂ ਦੇ ਡਰਾਫਟ ਉਸ ਮਿਤੀ ਦੇ ਹੀ ਹੋਣੇ ਚਾਹੀਦੇ ਹਨ ਜਿਸ ਮਿਤੀ ਨੂੰ ਦਾਖਲਾ ਕੀਤਾ ਗਿਆ ਹੋਵੇ।

(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪੱਤਰ ਨੰ. 2978-79/ਕਾਲਜਾਂ/ਸ.1 ਮਿਤੀ: 21-05-2018)

## ਬੇਦਾਅਵਾ

ਪ੍ਰਾਸਪੈਕਟਸ ਵਿੱਚ ਛਾਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀ ਅਤੇ ਤੱਥ ਅਧਾਰਿਤ ਹੈ ਫਿਰ ਵੀ ਕਾਲਜ ਪ੍ਰਸ਼ਾਸ਼ਨ ਜਾਂ ਪ੍ਰਾਸਪੈਕਟਸ ਕਮੇਟੀ, ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਵੀ ਪ੍ਰਕਾਰ ਦੀ ਉਣਤਾਈ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਨਹੀਂ ਹੋਵੇਗੀ। ਇਸ ਸੈਸ਼ਨ ਦੌਰਾਨ ਲੋੜ ਪੈਣ ਤੇ ਬਿਨਾ ਅਗਾਊਂ ਸੂਚਨਾ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਕੋਈ ਹੋਰ ਸਮੱਰਥ ਅਧਿਕਾਰੀ ਜਾਂ ਸੰਸਥਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਛਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

# ਦਾਖਲੇ ਲਈ ਇੰਟਰਵਿਊ - ਕਦੋਂ ਅਤੇ ਕਿੱਥੇ

**ਫਾਰਮ ਜਮ੍ਹਾਂ ਕਰਵਾਉਣ ਦਾ ਸਮਾਂ : ਸਵੇਰੇ 9-30 ਵਜੇ ਤੋਂ ਬਾਅਦ ਦੁਪਹਿਰ 2-00 ਵਜੇ ਤੱਕ ਹੋਵੇਗਾ।**

**(ਨੋਟ : ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ 13-07-2018 ਹੈ।)**

| ਸ਼੍ਰੇਣੀ | ਫਾਰਮ ਜਮ੍ਹਾਂ ਕਰਵਾਉਣ ਦੀਆਂ ਮਿਤੀਆਂ ਅਤੇ ਸਥਾਨ | ਸੰਬੰਧਤ ਕਰਮਚਾਰੀ ਸ਼੍ਰੀ/ਸ਼੍ਰੀਮਤੀ | ਇੰਟਰਵਿਊ ਦੀ ਮਿਤੀ ਅਤੇ ਸਮਾਂ ਸਵੇਰ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹਾਜ਼ਰੀ ਦਾ ਸਮਾਂ ਸਵੇਰੇ 9-30 ਵਜੇ | ਵਿਦਿਆਰਥੀਆਂ ਦੇ ਬੈਠਣ ਦਾ ਸਥਾਨ | ਦਾਖਲਾ ਕਮੇਟੀ ਦਾ ਸਥਾਨ |
|---|---|---|---|---|---|
| ਐਮ.ਏ.-I (ਪੰਜਾਬੀ) | 05-7-2018 ਤੋਂ 13-7-2018 ਤੱਕ (ਪੀ.ਜੀ.ਬਲਾਕ) | ਸ਼੍ਰੀ ਸ਼ੰਕਰ ਠਾਕੁਰ | 18-7-2018 (ਸਾਰੇ ਵਿਦਿਆਰਥੀ) 21-7-2018 (ਰਿਜ਼ਰਵ ਕੈਟੇਗਰੀ) 23-7-2018 (ਪੈਂਡਿੰਗ ਕੇਸ) | ਪੋਸਟ ਗਰੈਜੂਏਟ ਵਿਭਾਗ | ਵਿਭਾਗ ਦਾ ਸਟਾਫ਼ ਰੂਮ |
| ਐਮ.ਏ.-II (ਪੰਜਾਬੀ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 17-7-2018 | ਪੋਸਟ ਗਰੈਜੂਏਟ ਵਿਭਾਗ | ਵਿਭਾਗ ਦਾ ਸਟਾਫ਼ ਰੂਮ |
| ਐਮ.ਏ.-I (ਅਰਥ ਸ਼ਾਸਤਰ) | 05-7-2018 ਤੋਂ 13-7-2018 ਤੱਕ (ਪੀ.ਜੀ.ਬਲਾਕ) | ਸ਼੍ਰੀ ਸ਼ੰਕਰ ਠਾਕੁਰ | 18-7-2018 (ਸਾਰੇ ਵਿਦਿਆਰਥੀ) 21-7-2018 (ਰਿਜ਼ਰਵ ਕੈਟੇਗਰੀ) 23-7-2018 (ਪੈਂਡਿੰਗ ਕੇਸ) | ਪੋਸਟ ਗਰੈਜੂਏਟ ਵਿਭਾਗ | ਵਿਭਾਗ ਦਾ ਸਟਾਫ਼ ਰੂਮ |
| ਐਮ.ਏ.-II (ਅਰਥ ਸ਼ਾਸਤਰ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 17-7-2018 | ਪੋਸਟ ਗਰੈਜੂਏਟ ਵਿਭਾਗ | ਵਿਭਾਗ ਦਾ ਸਟਾਫ਼ ਰੂਮ |
| ਐਮ.ਏ.-I (ਅੰਗਰੇਜ਼ੀ) | 05-7-2018 ਤੋਂ 13-7-2018 ਤੱਕ (ਪੀ.ਜੀ.ਬਲਾਕ) | ਸ਼੍ਰੀਮਤੀ ਵੀਰਪਾਲ ਕੌਰ | 18-7-2018 (ਸਾਰੇ ਵਿਦਿਆਰਥੀ) 21-7-2018 (ਰਿਜ਼ਰਵ ਕੈਟੇਗਰੀ) 23-7-2018 (ਪੈਂਡਿੰਗ ਕੇਸ) | ਕਮਰਾ ਨੰ. 7 | ਵਿਭਾਗ ਦਾ ਸਟਾਫ਼ ਰੂਮ |
| ਐਮ.ਏ.-II (ਅੰਗਰੇਜ਼ੀ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 17-7-2018 | ਕਮਰਾ ਨੰ. 7 | ਵਿਭਾਗ ਦਾ ਸਟਾਫ਼ ਰੂਮ |
| ਐਮ.ਐਸ.ਸੀ.-I (ਕਮਿਸਟਰੀ) | 05-7-2018 ਤੋਂ 13-7-2018 ਤੱਕ (ਕੈਮਿਸਟਰੀ ਵਿਭਾਗ) | ਸ਼੍ਰੀਮਤੀ ਵੀਰਪਾਲ ਕੌਰ | 18-7-2018 (ਸਾਰੇ ਵਿਦਿਆਰਥੀ ਮੈਰਿਟ ਬਣਾਉਣ ਦਾ ਪ੍ਰੋਫਾਰਮਾ ਪੰਜ 20 ਅਨੁਸਾਰ 2 ਪਰਤਾ ਵਿਚ ਭਰ ਕੇ ਸ਼੍ਰੀਮਤੀ ਵੀਰਪਾਲ ਕੌਰ ਕੋਲ ਜਮ੍ਹਾਂ ਕਰਵਾਉਣਗੇ) 21-7-2018 ਸਾਰੇ ਵਿਦਿਆਰਥੀ (ਰਿਜ਼ਰਵ ਕੈਟੇਗਰੀ ਸਮੇਤ) 23-7-2018 (ਪੈਂਡਿੰਗ ਕੇਸ) | ਫਿਜਿਕਸ ਲੈਬ. | ਵਿਭਾਗ ਦਾ ਸਟਾਫ਼ ਰੂਮ |
| ਐਮ.ਐਸ.ਸੀ.-II (ਕਮਿਸਟਰੀ) | 05-7-2018 ਤੋਂ 13-7-2018 ਤੱਕ ਤੱਕ (ਕੈਮਿਸਟਰੀ ਵਿਭਾਗ) | ਸ਼੍ਰੀਮਤੀ ਵੀਰਪਾਲ ਕੌਰ | ਆਪਸ਼ਨ ਫਾਰਮ ਭਰਨ ਦੀ ਮਿਤੀ 17-7-2018 ਅਤੇ ਦਾਖਲੇ ਦੀ ਮਿਤੀ 19-7-2018 | ਫਿਜਿਕਸ ਲੈਬ. | ਵਿਭਾਗ ਦਾ ਸਟਾਫ਼ ਰੂਮ |
| ਬੀ.ਏ.-I | 05-7-2018 ਤੋਂ 13-7-2018 ਤੱਕ (ਕਮਰਾ ਨੰ. 6) ਲੜਕੇ<br>05-7-2018 ਤੋਂ 14-7-2018 ਤੱਕ (ਕਮਰਾ ਨੰ. 7) ਲੜਕੀਆਂ | ਸ਼੍ਰੀ ਰੁਪਿੰਦਰ ਸਿੰਘ (ਲੜਕੇ)<br>ਸ਼੍ਰੀ ਸੁਖਜੀਤ ਸਿੰਘ (ਲੜਕੀਆਂ) | 18-7-2018 (70 ਪ੍ਰਤੀਸ਼ਤ ਤੋਂ ਉੱਪਰ ਸਾਰੇ ਵਿਦਿਆਰਥੀ) 19-7-2018 (65 ਪ੍ਰਤੀਸ਼ਤ ਤੋਂ ਉੱਪਰ ਸਾਰੇ ਵਿਦਿਆਰਥੀ) 20-7-2018 (65 ਪ੍ਰਤੀਸ਼ਤ ਤੋਂ ਘੱਟ, ਜੇ ਸੀਟਾਂ ਖਾਲੀ ਹੋਣ) ਸਾਰੇ ਵਿਦਿਆਰਥੀ) 21-7-2018 (ਰਿਜ਼ਰਵ ਕੈਟੇਗਰੀ) 23-7-2018 (ਪੈਂਡਿੰਗ ਕੇਸ) | ਲੜਕੇ ਕਮਰਾ ਨੰ. 6<br>ਲੜਕੀਆਂ ਸੰਜੀਵਨੀ ਹਾਲ | ਮੇਨ ਹਾਲ<br>ਸੰਜੀਵਨੀ ਹਾਲ |
| ਬੀ.ਏ.-II | ਫਾਰਮ ਮੌਕੇ 'ਤੇ ਲਏ ਜਾਣਗੇ। | ===== | 17-7-2018 ਤੋਂ 23-7-2018 | ਕਮਰਾ ਨੰ. 26 (ਲੜਕੇ) ਕਮਰਾ ਨੰ. 27 (ਲੜਕੀਆਂ) | ਕੰਪਿਊਟਰ ਹਾਲ |
| ਬੀ.ਏ.-III | ਫਾਰਮ ਮੌਕੇ 'ਤੇ ਲਏ ਜਾਣਗੇ। | ===== | 17-7-2018 ਤੋਂ 23-7-2018 | ਕਮਰਾ ਨੰ. 1 (ਲੜਕੇ) ਕਮਰਾ ਨੰ. 2 (ਲੜਕੀਆਂ) | ਕਮਰਾ ਨੰ. 10 |

| ਸ਼੍ਰੇਣੀ | ਫਾਰਮ ਜਮ੍ਹਾਂ ਕਰਵਾਉਣ ਦੀਆਂ ਮਿਤੀਆਂ ਅਤੇ ਸਥਾਨ | ਸੰਬੰਧਤ ਕਰਮਚਾਰੀ ਸ੍ਰੀ/ਸ਼੍ਰੀਮਤੀ | ਇੰਟਰਵਿਊ ਦੀ ਮਿਤੀ ਅਤੇ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹਾਜਰੀ ਦਾ ਸਮਾਂ ਸਵੇਰੇ 9-30 ਵਜੇ |
|---|---|---|---|
| ਬੀ.ਐਸ.ਸੀ.-I (ਖੇਤੀਬਾੜੀ) | 5-7-2018 ਤੋਂ 13-7-2018 ਤੱਕ (ਐਗਰੋਨੋਮੀ ਵਿਭਾਗ) | ਸ੍ਰੀ ਅਮਰਜੀਤ ਸਿੰਘ | 16-7-2018 (ਰੈਗੂਲਰ) (ਸਾਰੇ ਵਿਦਿਆਰਥੀ) 18-7-2018 (ਸੈਲਫ ਫਾਈਨਾਂਸ) ਸਾਰੇ ਵਿਦਿਆਰਥੀ 23-7-2018 (ਪੈਂਡਿੰਗ ਕੇਸ) |
| ਬੀ.ਐਸ.ਸੀ.-II (ਖੇਤੀਬਾੜੀ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 9-7-2018 (ਰੈਗੂਲਰ) 10-7-2018 (ਸੈਲਫ ਫਾਈਨਾਂਸ) |
| ਬੀ.ਐਸ.ਸੀ.-III (ਖੇਤੀਬਾੜੀ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 11-7-2018 (ਰੈਗੂਲਰ) 12-7-2018 (ਸੈਲਫ ਫਾਈਨਾਂਸ) |
| ਬੀ.ਐਸ.ਸੀ.-IV (ਖੇਤੀਬਾੜੀ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 13-7-2018 (ਰੈਗੂਲਰ) 14-7-2018 (ਸੈਲਫ ਫਾਈਨਾਂਸ) |
| ਬੀ.ਕਾਮ.-I | 5-7-2018 ਤੋਂ 13-7-2018 ਤੱਕ (ਕਮਰਾ ਨੰ. 13) | ਸ੍ਰੀ ਸੰਦੀਪ ਕੁਮਾਰ | 18-7-2018 (ਸਾਰੇ ਵਿਦਿਆਰਥੀ) 21-7-2018 (ਰਿਜ਼ਰਵ ਕੈਟੇਗਰੀ) 23-7-2018 (ਪੈਂਡਿੰਗ ਕੇਸ) |
| ਬੀ.ਕਾਮ.-II | ਫਾਰਮ ਮੌਕੇ 'ਤੇ ਲਏ ਜਾਣਗੇ। | ---- | 17-7-2018 |
| ਬੀ.ਕਾਮ.-III | ਫਾਰਮ ਮੌਕੇ 'ਤੇ ਲਏ ਜਾਣਗੇ। | ---- | 19-7-2018 |
| ਬੀ.ਐਸ.ਸੀ.-I (ਮੈਡੀਕਲ) | 5-7-2018 ਤੋਂ 13-7-2018 ਤੱਕ (ਬਾਇਓਲੋਜੀ ਵਿਭਾਗ) | ਸ੍ਰੀ ਜਰਨੈਲ ਸਿੰਘ | 18-7-2018 (ਸਾਰੇ ਵਿਦਿਆਰਥੀ) 21-7-2018 (ਰਿਜ਼ਰਵ ਕੈਟੇਗਰੀ) 23-7-2018 (ਪੈਂਡਿੰਗ ਕੇਸ) |
| ਬੀ.ਐਸ.ਸੀ.-II (ਮੈਡੀਕਲ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 17-7-2018 |
| ਬੀ.ਐਸ.ਸੀ.-III (ਮੈਡੀਕਲ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 19-7-2018 |
| ਬੀ.ਐਸ.ਸੀ.-I (ਨਾਨ-ਮੈਡੀਕਲ) | 5-7-2018 ਤੋਂ 14-7-2018 ਤੱਕ (ਕੈਮਿਸਟਰੀ ਵਿਭਾਗ) | ਸ੍ਰੀਮਤੀ ਵੀਰਪਾਲ ਕੌਰ | 18-7-2018 (ਸਾਰੇ ਵਿਦਿਆਰਥੀ) 21-7-2018 (ਰਿਜ਼ਰਵ ਕੈਟੇਗਰੀ) 23-7-2018 (ਪੈਂਡਿੰਗ ਕੇਸ) |
| ਬੀ.ਐਸ.ਸੀ.-II (ਨਾਨ-ਮੈਡੀਕਲ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 17-7-2018 |
| ਬੀ.ਐਸ.ਸੀ.-III (ਨਾਨ-ਮੈਡੀਕਲ) | ਫਾਰਮ ਮੌਕੇ 'ਤੇ ਲਏ ਜਾਣਗੇ। | ---- | 19-7-2018 |
| ਬੀ.ਸੀ.ਏ.-I | 5-7-2018 ਤੋਂ 14-7-2018 ਤੱਕ (ਕੈਮਿਸਟਰੀ ਵਿਭਾਗ) | ਸ੍ਰੀ ਸੁਖਮੰਦਰ ਸਿੰਘ | 18-7-2018 (ਸਾਰੇ ਵਿਦਿਆਰਥੀ) 21-7-2018 (ਰਿਜ਼ਰਵ ਕੈਟੇਗਰੀ) 23-7-2018 (ਪੈਂਡਿੰਗ ਕੇਸ) |
| ਬੀ.ਸੀ.ਏ.-II | ਫਾਰਮ ਮੌਕੇ 'ਤੇ ਲਏ ਜਾਣਗੇ। | ---- | 17-7-2018 (ਸਾਰੇ ਵਿਦਿਆਰਥੀ) |
| ਬੀ.ਸੀ.ਏ.-III | ਫਾਰਮ ਮੌਕੇ 'ਤੇ ਲਏ ਜਾਣਗੇ। | ---- | 19-7-2018 (ਸਾਰੇ ਵਿਦਿਆਰਥੀ) |

| ਸ਼੍ਰੇਣੀ | ਵਿਦਿਆਰਥੀਆਂ ਦੇ ਬੈਠਣ ਦਾ ਸਥਾਨ | ਦਾਖਲਾ ਕਮੇਟੀ ਦਾ ਸਥਾਨ |
|---|---|---|
| ਬੀ.ਐਸ.ਸੀ.-I (ਖੇਤੀਬਾੜੀ) | ਕਮਰਾ ਨੰ. 15 (ਲੜਕੇ) ਕਮਰਾ ਨੰ. 16 (ਲੜਕੀਆਂ) | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-II (ਖੇਤੀਬਾੜੀ) | ਕਮਰਾ ਨੰ. 15 (ਲੜਕੇ) ਕਮਰਾ ਨੰ. 16 (ਲੜਕੀਆਂ) | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-III (ਖੇਤੀਬਾੜੀ) | ਕਮਰਾ ਨੰ. 15 (ਲੜਕੇ) ਕਮਰਾ ਨੰ. 16 (ਲੜਕੀਆਂ) | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-IV (ਖੇਤੀਬਾੜੀ) | ਕਮਰਾ ਨੰ. 15 (ਲੜਕੇ) ਕਮਰਾ ਨੰ. 16 (ਲੜਕੀਆਂ) | ਵਿਭਾਗ ਦਾ ਸਟਾਫ ਰੂਮ |
| ਬੀ.ਕਾਮ.-I | ਕਮਰਾ ਨੰ. 13 | ਵਿਭਾਗ ਦਾ ਸਟਾਫ ਰੂਮ |
| ਬੀ.ਕਾਮ.-II | ਕਮਰਾ ਨੰ. 12 | ਵਿਭਾਗ ਦਾ ਸਟਾਫ ਰੂਮ |
| ਬੀ.ਕਾਮ.-III | ਕਮਰਾ ਨੰ. 11 | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-I (ਮੈਡੀਕਲ) | ਬਾਇਓ ਥੀਏਟਰ | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-II (ਮੈਡੀਕਲ) | ਬਾਇਓ ਥੀਏਟਰ | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-III (ਮੈਡੀਕਲ) | ਬਾਇਓ ਥੀਏਟਰ | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-I (ਨਾਨ-ਮੈਡੀਕਲ) | ਸੈਮੀਨਾਰ ਹਾਲ | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-II (ਨਾਨ-ਮੈਡੀਕਲ) | ਸੈਮੀਨਾਰ ਹਾਲ | ਵਿਭਾਗ ਦਾ ਸਟਾਫ ਰੂਮ |
| ਬੀ.ਐਸ.ਸੀ.-III (ਨਾਨ-ਮੈਡੀਕਲ) | ਸੈਮੀਨਾਰ ਹਾਲ | ਵਿਭਾਗ ਦਾ ਸਟਾਫ ਰੂਮ |
| ਬੀ.ਸੀ.ਏ.-I | ਕਮਰਾ ਨੰ. 14 | ਕਮਰਾ ਨੰ. 14 |
| ਬੀ.ਸੀ.ਏ.-II | ਕਮਰਾ ਨੰ. 14 | ਕਮਰਾ ਨੰ. 14 |
| ਬੀ.ਸੀ.ਏ.-III | ਕਮਰਾ ਨੰ. 14 | ਕਮਰਾ ਨੰ. 14 |

ਨੋਟ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਾਖਲਿਆਂ ਦੇ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਬਾਰੇ ਜਾਣਕਾਰੀ ਲਈ ਯੂਨੀਵਰਸਿਟੀ ਦੀ ਵੈਬਸਾਈਟ www.punjabiuniversity.ac.in ਦੇਖੀ ਜਾਵੇ ਅਤੇ ਕਾਲਜ ਦਾ ਨੋਟਿਸ ਬੋਰਡ ਦੇਖਿਆ ਜਾਵੇ।

# ਅਧਿਆਪਨ ਸਟਾਫ਼ (Teaching Staff)

**ਪ੍ਰਿੰਸੀਪਲ : ਸ੍ਰ. ਸਤਨਾਮ ਸਿੰਘ**

## ਪੰਜਾਬੀ ਵਿਭਾਗ

- ਪ੍ਰੋ. ਕੁਲਵਿੰਦਰ ਕੌਰ (ਮੁਖੀ)
- ਪ੍ਰੋ. ਪ੍ਰੀਤਮ ਸਿੰਘ ਭੰਗੂ
- ਪ੍ਰੋ. ਜਗਦੀਪ ਸਿੰਘ
- ਡਾ. ਨਰਿੰਦਰਜੀਤ ਸਿੰਘ ਬਰਾੜ*
- ਪ੍ਰੋ. ਬੂਟਾ ਸਿੰਘ**
- ਡਾ. ਨਛੱਤਰ ਸਿੰਘ**
- ਡਾ. ਕੁਲਵਿੰਦਰ ਕੌਰ**
- ਡਾ. ਸੁਰਿੰਦਰ ਕੌਰ**
- ਪ੍ਰੋ. ਕਿਰਨ ਬਾਲਾ**
- ਪ੍ਰੋ. ਮਲਕੀਤ ਸਿੰਘ**
- ਪ੍ਰੋ. ਭਗਵੰਤ ਸਿੰਘ**
- ਪ੍ਰੋ. ਹਰਪ੍ਰੀਤ ਸਿੰਘ**

## ਅੰਗਰੇਜੀ ਵਿਭਾਗ

- ਡਾ. ਨਿਰਵਰਿੰਦਰ ਕੌਰ ਸੰਧੂ (ਮੁਖੀ)
- ਪ੍ਰੋ. ਸ਼ਾਲਿਨੀ ਗਰਗ
- ਪ੍ਰੋ. ਪਰਮਜੀਤ ਕੌਰ
- ਡਾ. ਵਿਪਨਪਾਲ ਸਿੰਘ*
- ਪ੍ਰੋ. ਅਕਾਸ਼ਦੀਪ ਕੌਰ**
- ਪ੍ਰੋ. ਹਰਪ੍ਰੀਤਪਾਲ ਸਿੰਘ**
- ਪ੍ਰੋ. ਰਮਨਦੀਪ ਕੌਰ**

## ਗਣਿਤ ਵਿਭਾਗ

- ਪ੍ਰੋ. ਨਵੀਨ ਜੈਨ (ਮੁਖੀ)
- ਡਾ. ਵੰਦਨਾ ਗੋਇਲ
- ਪ੍ਰੋ. ਆਰਤੀ ਰਾਣੀ**

## ਹਿੰਦੀ ਵਿਭਾਗ

- ਪ੍ਰੋ. ਸੋਨਿਕਾ ਰਾਣੀ**

## ਇਤਿਹਾਸ ਵਿਭਾਗ

- ਪ੍ਰੋ. ਪਰਮਜੀਤ ਕੌਰ**
- ਪ੍ਰੋ. ਜਸਮੀਨ ਵਾਲੀਆ**
- ਪ੍ਰੋ. ਇੰਦਰਦੀਪ ਸਿੰਘ**

## ਬਨਸਪਤੀ ਵਿਗਿਆਨ ਵਿਭਾਗ

- ਡਾ. ਰਮਿੰਦਰ ਘਈ (ਮੁਖੀ)
- ਡਾ. ਦੀਪਾ ਗੋਇਲ**
- ਡਾ. ਪ੍ਰਿਯੰਕਾ ਮੋਂਗਾ**
- ਪ੍ਰੋ. ਨਵਪ੍ਰੀਤ ਅਰੋੜਾ**

## ਅਰਥ-ਵਿਗਿਆਨ ਵਿਭਾਗ

- ਪ੍ਰੋ. ਰਮਾ ਗੁਪਤਾ (ਮੁਖੀ)
- ਡਾ. ਕੁਸਮ ਮਹੇਸ਼ਵਰੀ*
- ਡਾ. ਵੀਰਪਾਲ ਕੌਰ**
- ਡਾ. ਗਗਨਦੀਪ ਕੌਰ**

## ਰਾਜਨੀਤੀ ਵਿਭਾਗ

- ਪ੍ਰੋ. ਸੁਖਜੀਤ ਸਿੰਘ**
- ਪ੍ਰੋ. ਅਮਰਜੀਤ ਕੌਰ**
- ਪ੍ਰੋ. ਕੌਸ਼ਲ ਰਾਣੀ**

## ਸੰਗੀਤ ਵਿਭਾਗ

- ਡਾ. ਰਾਜੇਸ਼ ਮੋਹਨ (ਮੁਖੀ)
- ਪ੍ਰੋ. ਅਮਨਪ੍ਰੀਤ ਕੌਰ**

## ਭੂਗੋਲ ਵਿਭਾਗ

- ਡਾ. ਪਰਮਿੰਦਰ ਸਿੰਘ (ਮੁਖੀ)
- ਪ੍ਰੋ. ਨਵਦੀਪ ਸਿੰਘ**
- ਪ੍ਰੋ. ਮਨਿੰਦਰ ਕੌਰ**
- ਪ੍ਰੋ. ਅਰਮਿੰਦਰ ਸਿੰਘ**
- ਪ੍ਰੋ. ਗੁਰਲਾਲ ਸਿੰਘ**

## ਕਾਮਰਸ ਵਿਭਾਗ

- ਪ੍ਰੋ. ਤਜਿੰਦਰ ਸਿੰਘ (ਮੁਖੀ)
- ਡਾ. ਪੂਜਾ ਭੱਲਾ
- ਡਾ. ਗਗਨਦੀਪ ਕੌਰ*
- ਪ੍ਰੋ. ਪਵਨਪ੍ਰੀਤ ਕੌਰ*

## ਸਰੀਰਕ ਸਿੱਖਿਆ ਵਿਭਾਗ

- ਡਾ. ਹਰਜਿੰਦਰ ਕੌਰ (ਮੁਖੀ)
- ਪ੍ਰੋ. ਮਹਿੰਦਰਜੀਤ ਕੌਰ**
- ਪ੍ਰੋ. ਰਮਨਦੀਪ ਕੌਰ**

## ਭੌਤਿਕ ਵਿਗਿਆਨ ਵਿਭਾਗ

- ਪ੍ਰੋ. ਹਰਜੀਤ ਸਿੰਘ* (ਮੁਖੀ)
- ਪ੍ਰੋ. ਅਮਿਤ ਜੋਸ਼ੀ**
- ਡਾ. ਸ਼ਿਵ ਸ਼ਕਤੀ**

## ਫਿਲਾਸਫੀ ਵਿਭਾਗ

- ਪ੍ਰੋ. ਦੇਵਿਕਾ ਸ਼ਰਮਾ**

## ਰਸਾਇਣ ਵਿਗਿਆਨ ਵਿਭਾਗ

- ਡਾ. ਸਰਿਤਾ ਭੱਲਾ (ਮੁਖੀ)
- ਪ੍ਰੋ. ਜੁਆਏ ਇੰਦਰਜੀਤ ਕੌਰ
- ਡਾ. ਅਮਿਤਾ ਰਾਣੀ*
- ਪ੍ਰੋ. ਗਗਨਦੀਪ ਕੌਰ**
- ਪ੍ਰੋ. ਜਸਕਿਰਨ ਕੌਰ**
- ਖਾਲੀ

## ਖੇਤੀਬਾੜੀ ਵਿਭਾਗ

- ਪ੍ਰੋ. ਹੁਸ਼ਿਆਰ ਸਿੰਘ ਸਰਾਂ (ਮੁਖੀ)
- ਪ੍ਰੋ. ਤੇਜਿੰਦਰ ਸਿੰਘ ਢੀਂਡਸਾ
- ਪ੍ਰੋ. ਰਾਜਵੀਰ ਕੌਰ*
- ਪ੍ਰੋ. ਦੀਪਇੰਦਰਜੀਤ ਕੌਰ**
- ਪ੍ਰੋ. ਜੋਤਮਨਿੰਦਰ ਸਿੰਘ**

## ਜੰਤੂ ਵਿਗਿਆਨ ਵਿਭਾਗ

- ਪ੍ਰੋ. ਵਰਿੰਦਰ ਮੱਕੜ* (ਮੁਖੀ)
- ਪ੍ਰੋ. ਅਮਨਪ੍ਰੀਤ ਕੌਰ**
- ਪ੍ਰੋ. ਸੁਖਪਾਲ ਕੌਰ**

## ਕੰਪਿਊਟਰ ਵਿਭਾਗ

- ਖਾਲੀ

## ਤਬਲਾ ਪਲੇਅਰ

- ਸ਼੍ਰੀ ਅਨਿਲ ਕੁਮਾਰ

## ਲਾਇਬਰੇਰੀ ਵਿਭਾਗ

- ਖਾਲੀ (ਲਾਇਬਰੇਰੀਅਨ)
- ਖਾਲੀ (ਲਾਇਬਰੇਰੀਅਨ)

## ਲਾਇਬਰੇਰੀ ਸਟਾਫ

- ਖਾਲੀ (ਲਾਇਬਰੇਰੀ ਰਿਸਟੋਰਰ)
- ਸ਼੍ਰੀ ਸੁਖਦੇਵ ਸਿੰਘ (ਲਾਇਬਰੇਰੀ ਅਟੈਂਡੈਂਟ)

## ਦਫ਼ਤਰੀ ਸਟਾਫ਼

- ਸ਼੍ਰੀਮਤੀ ਗੁਰਮੀਤ ਕੌਰ (ਸਟੈਨੋ)
- ਸ਼੍ਰੀ ਗੀਤਇੰਦਰ ਸਿੰਘ ਬਰਾੜ (ਜੂਨੀਅਰ ਸਹਾਇਕ)
- ਸ਼੍ਰੀ ਅਸ਼ਵਨੀ ਕੁਮਾਰ ਮਹਿਤਾ (ਜੂਨੀਅਰ ਸਹਾਇਕ)
- ਸ਼੍ਰੀ ਇਕਬਾਲ ਸਿੰਘ (ਜੂਨੀਅਰ ਸਹਾਇਕ)
- ਸ਼੍ਰੀ ਜਸਪ੍ਰੀਤ ਸਿੰਘ ਦਿਓਲ (ਜੂਨੀਅਰ ਸਹਾਇਕ)
- ਸ਼੍ਰੀਮਤੀ ਸੁਨੀਤਾ ਰਾਣੀ (ਕਲਰਕ)
- ਖਾਲੀ (ਟਾਈਪਿੰਗ ਇੰਸਟਰੱਕਟਰ)
- ਖਾਲੀ (ਟਾਈਪਿੰਗ ਇੰਸਟਰੱਕਟਰ)

## ਐਸ.ਐਲ.ਏ.

- ਸ਼੍ਰੀ ਸ਼ੰਕਰ ਠਾਕੁਰ
- ਸ਼੍ਰੀ ਕੰਵਰਜੀਤ ਸਿੰਘ
- ਸ਼੍ਰੀਮਤੀ ਵੀਰਪਾਲ ਕੌਰ

4 ਤੋਂ 8 ਤੱਕ ਖਾਲੀ

## ਜੇ.ਐਲ.ਏ.

1 ਤੋਂ 9 ਤੱਕ ਖਾਲੀ

## ਐਲ.ਏ.

- ਸ਼੍ਰੀ ਅਮਰਜੀਤ ਸਿੰਘ
- ਸ਼੍ਰੀ ਜਰਨੈਲ ਸਿੰਘ

3 ਤੋਂ 4 ਤੱਕ ਖਾਲੀ

## ਸੀਨੀਅਰ ਐਲ.ਏ.

- ਸ਼੍ਰੀ ਰੁਪਿੰਦਰ ਸਿੰਘ
- ਸ਼੍ਰੀ ਸੁਖਜੀਤ ਸਿੰਘ
- ਸ਼੍ਰੀ ਸੰਦੀਪ ਕੁਮਾਰ

5 ਤੋਂ 7 ਤੱਕ ਖਾਲੀ

## ਐਨੀਮਲ ਕੁਲੈਕਟਰ

- ਸ਼੍ਰੀ ਸੁਖਮੰਦਰ ਸਿੰਘ

## ਗੈਸਮੈਨ ਡਰਾਈਵਰ

- ਖਾਲੀ

## ਟਰੈਕਟਰ ਡਰਾਈਵਰ

- ਖਾਲੀ

ਨੋਟ : 1. ਜਿੱਥੇ * ਦਾ ਨਿਸ਼ਾਨ ਹੈ ਉੱਥੇ ਪਾਰਟ-ਟਾਈਮ ਅਧਿਆਪਕ ਕੰਮ ਕਰ ਰਿਹਾ ਹੈ।
2. ਜਿੱਥੇ ** ਦਾ ਨਿਸ਼ਾਨ ਹੈ ਉੱਥੇ ਗੈਸਟ ਫੈਕਲਟੀ ਅਧਿਆਪਕ ਕੰਮ ਕਰ ਰਿਹਾ ਹੈ।
3. ਖਾਲੀ ਅਸਾਮੀਆਂ ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗੈਸਟ ਫੈਕਲਟੀ ਲੈਕਚਰਾਰ ਦੀ ਨਿਯੁਕਤੀ ਕੀਤੀ ਜਾਂਦੀ ਹੈ।

## ਸੇਵਾਦਾਰ ਸਟਾਫ

- ਸ਼੍ਰੀ ਸੁਰਜੀਤ ਸਿੰਘ ਸੰਧੂ
- ਸ਼੍ਰੀਮਤੀ ਫੂਲ ਕੁਮਾਰੀ (ਮੇਡ ਸਰਵੈਂਟ)

3 (ਸੇਵਾਦਾਰ), 4 (ਸੇਵਾਦਾਰ) ਅਤੇ 5 (ਵਾਟਰਮੈਨ) ਖਾਲੀ

## ਚੌਕੀਦਾਰ

- 1 ਤੇ 2 ਖਾਲੀ

## ਚੌਕੀਦਾਰ-ਕਮ-ਅਟੈਂਡੈਂਟ

- ਸ਼੍ਰੀ ਨਰੇਸ਼ ਕੁਮਾਰ
- ਸ਼੍ਰੀਮਤੀ ਜਸਵੀਰ ਕੌਰ
- ਸ਼੍ਰੀ ਸੁਰਿੰਦਰ ਸਿੰਘ
- ਖਾਲੀ

## ਬੇਲਦਾਰ

- ਸ਼੍ਰੀ ਰਾਮ ਦਾਸ
- ਸ਼੍ਰੀ ਦਰਸ਼ਨ ਸਿੰਘ
- ਸ਼੍ਰੀ ਨਛੱਤਰ ਸਿੰਘ
- ਸ਼੍ਰੀ ਰੇਸ਼ਮ ਸਿੰਘ
- ਸ਼੍ਰੀਮਤੀ ਰਾਜ ਰਾਣੀ

6 ਤੋਂ 10 ਤੱਕ ਖਾਲੀ

## ਸਫਾਈ ਸੇਵਕ

- ਸ਼੍ਰੀ ਪਰਮਜੀਤ ਸਿੰਘ
- ਸ਼੍ਰੀ ਜਗਦੇਵ ਸਿੰਘ
- ਸ਼੍ਰੀ ਪਰਵੀਨ ਕੁਮਾਰ

4 ਤੋਂ 5 ਖਾਲੀ

# ਪ੍ਰਮੁੱਖ ਪ੍ਰਬੰਧਕੀ ਸਹਿਯੋਗੀ

## ਸੀਨੀਅਰ ਟਿਊਟਰ

ਪ੍ਰੋ. ਹੁਸ਼ਿਆਰ ਸਿੰਘ ਸਰਾਂ

## ਕਾਲਜ ਕੌਂਸਲ

- ਪ੍ਰੋ. ਹੁਸ਼ਿਆਰ ਸਿੰਘ ਸਰਾਂ
- ਪ੍ਰੋ. ਤਜਿੰਦਰ ਸਿੰਘ
- ਪ੍ਰੋ. ਸਰਿਤਾ ਭੱਲਾ
- ਡਾ. ਰਮਿੰਦਰ ਘਈ
- ਪ੍ਰੋ. ਤੇਜਿੰਦਰ ਸਿੰਘ ਢੀਂਡਸਾ
- ਡਾ. ਪਰਮਿੰਦਰ ਸਿੰਘ
- ਪ੍ਰੋ. ਰਮਾ ਗੁਪਤਾ

## ਕਾਲਜ ਬਰਸਰ

- ਪ੍ਰੋ. ਨਵੀਨ ਜੈਨ

## ਸਟਾਫ ਸਕੱਤਰ

- ਪ੍ਰੋ. ਤਜਿੰਦਰ ਸਿੰਘ

## ਟਾਈਮ ਟੇਬਲ ਕਮੇਟੀ

- ਪ੍ਰੋ. ਤਜਿੰਦਰ ਸਿੰਘ (ਕਨਵੀਨਰ)
- ਪ੍ਰੋ. ਨਵੀਨ ਜੈਨ
- ਪ੍ਰੋ. ਸ਼ਾਲਿਨੀ ਗਰਗ

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ

- ਡਾ. ਰਮਿੰਦਰ ਘਈ (ਮੈਂਬਰ ਸਕੱਤਰ)

## ਰੀ-ਅਡਮੀਸ਼ਨ ਕਮੇਟੀ

- ਪ੍ਰੋ. ਤੇਜਿੰਦਰ ਸਿੰਘ ਢੀਂਡਸਾ
- ਪ੍ਰੋ. ਪਵਨਪ੍ਰੀਤ ਕੌਰ
- ਸ਼੍ਰੀਮਤੀ ਵੀਰਪਾਲ ਕੌਰ (ਸਹਾਇਕ)

## ਘਰੇਲੂ ਪ੍ਰੀਖਿਆਵਾਂ ਸਬੰਧੀ ਕਮੇਟੀ

- ਪ੍ਰੋ. ਪੂਜਾ ਭੱਲਾ (ਰਜਿਸਟਰਾਰ)
- ਪ੍ਰੋ. ਸ਼ਾਲਿਨੀ ਗਰਗ
- ਪ੍ਰੋ. ਪਰਮਜੀਤ ਕੌਰ
- ਡਾ. ਗਗਨਦੀਪ ਕੌਰ
- ਡਾ. ਅਮਿਤਾ ਰਾਣੀ
- ਪ੍ਰੋ. ਰਾਜਵੀਰ ਕੌਰ
- ਸ਼੍ਰੀ ਸੰਦੀਪ ਕੁਮਾਰ (ਸਹਾਇਕ)

## ਯੂ.ਜੀ.ਸੀ. ਕਮੇਟੀ

- ਡਾ. ਵਿਪਨ ਪਾਲ ਸਿੰਘ (ਕਨਵੀਨਰ)
- ਡਾ. ਰਮਿੰਦਰ ਘਈ
- ਪ੍ਰੋ. ਵਰਿੰਦਰ ਮੱਕੜ
- ਪ੍ਰੋ. ਪਵਨਪ੍ਰੀਤ ਕੌਰ

## ਡੀਨ ਸਟੂਡੈਂਟ ਵੈਲਫੇਅਰ

- ਪ੍ਰੋ. ਪ੍ਰੀਤਮ ਸਿੰਘ ਭੰਗੂ

## ਐਨ.ਸੀ.ਸੀ. ਕਮੇਟੀ

- ਡਾ. ਨਰਿੰਦਰਜੀਤ ਸਿੰਘ ਬਰਾੜ
- ਸ਼੍ਰੀ. ਕੰਵਰਜੀਤ ਸਿੰਘ (ਸਹਾਇਕ)

## ਸੇਵਾਦਾਰ ਸਟਾਫ

- ਸ਼੍ਰੀ ਸੁਰਜੀਤ ਸਿੰਘ ਸੰਧੂ
- ਸ਼੍ਰੀਮਤੀ ਫੂਲ ਕੁਮਾਰੀ (ਮੇਡ ਸਰਵੈਂਟ)

3 (ਸੇਵਾਦਾਰ), 4 (ਸੇਵਾਦਾਰ) ਅਤੇ 5 (ਵਾਟਰਮੈਨ) ਖ਼ਾਲੀ

## ਚੌਂਕੀਦਾਰ

- 1 ਤੇ 2 ਖ਼ਾਲੀ

## ਚੌਂਕੀਦਾਰ-ਕਮ-ਅਟੈਂਡੈਂਟ

- ਸ਼੍ਰੀ ਨਰੇਸ਼ ਕੁਮਾਰ
- ਸ਼੍ਰੀਮਤੀ ਜਸਵੀਰ ਕੌਰ
- ਸ਼੍ਰੀ ਸੁਰਿੰਦਰ ਸਿੰਘ
- ਖ਼ਾਲੀ

## ਬੇਲਦਾਰ

- ਸ਼੍ਰੀ ਰਾਮ ਦਾਸ
- ਸ਼੍ਰੀ ਦਰਸ਼ਨ ਸਿੰਘ
- ਸ਼੍ਰੀ ਨਛੱਤਰ ਸਿੰਘ
- ਸ਼੍ਰੀ ਰੇਸ਼ਮ ਸਿੰਘ
- ਸ਼੍ਰੀਮਤੀ ਰਾਜ ਰਾਣੀ

6 ਤੋਂ 10 ਤੱਕ ਖ਼ਾਲੀ

## ਸਫਾਈ ਸੇਵਕ

- ਸ਼੍ਰੀ ਪਰਮਜੀਤ ਸਿੰਘ
- ਸ਼੍ਰੀ ਜਗਦੇਵ ਸਿੰਘ
- ਸ਼੍ਰੀ ਪਰਵੀਨ ਕੁਮਾਰ

4 ਤੋਂ 5 ਖ਼ਾਲੀ

# ਪ੍ਰਮੁੱਖ ਪ੍ਰਬੰਧਕੀ ਸਹਿਯੋਗੀ

## ਸੀਨੀਅਰ ਟਿਊਟਰ

ਪ੍ਰੋ. ਹੁਸ਼ਿਆਰ ਸਿੰਘ ਸਰਾਂ

## ਕਾਲਜ ਕੌਂਸਲ

- ਪ੍ਰੋ. ਹੁਸ਼ਿਆਰ ਸਿੰਘ ਸਰਾਂ
- ਪ੍ਰੋ. ਤਜਿੰਦਰ ਸਿੰਘ
- ਪ੍ਰੋ. ਸਰਿਤਾ ਭੱਲਾ
- ਡਾ. ਰਮਿੰਦਰ ਘਈ
- ਪ੍ਰੋ. ਤੇਜਿੰਦਰ ਸਿੰਘ ਢੀਂਡਸਾ
- ਡਾ. ਪਰਮਿੰਦਰ ਸਿੰਘ
- ਪ੍ਰੋ. ਰਮਾ ਗੁਪਤਾ

## ਕਾਲਜ ਬਰਸਰ

- ਪ੍ਰੋ. ਨਵੀਨ ਜੈਨ

## ਸਟਾਫ ਸਕੱਤਰ

- ਪ੍ਰੋ. ਤਜਿੰਦਰ ਸਿੰਘ

## ਟਾਈਮ ਟੇਬਲ ਕਮੇਟੀ

- ਪ੍ਰੋ. ਤਜਿੰਦਰ ਸਿੰਘ (ਕਨਵੀਨਰ)
- ਪ੍ਰੋ. ਨਵੀਨ ਜੈਨ
- ਪ੍ਰੋ. ਸ਼ਾਲਿਨੀ ਗਰਗ

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ

- ਡਾ. ਰਮਿੰਦਰ ਘਈ (ਮੈਂਬਰ ਸਕੱਤਰ)

## ਰੀ-ਅਡਮੀਸ਼ਨ ਕਮੇਟੀ

- ਪ੍ਰੋ. ਤੇਜਿੰਦਰ ਸਿੰਘ ਢੀਂਡਸਾ
- ਪ੍ਰੋ. ਪਵਨਪ੍ਰੀਤ ਕੌਰ
- ਸ਼੍ਰੀਮਤੀ ਵੀਰਪਾਲ ਕੌਰ (ਸਹਾਇਕ)

## ਘਰੇਲੂ ਪ੍ਰੀਖਿਆਵਾਂ ਸਬੰਧੀ ਕਮੇਟੀ

- ਪ੍ਰੋ. ਪੂਜਾ ਭੱਲਾ (ਰਜਿਸਟਰਾਰ)
- ਪ੍ਰੋ. ਸ਼ਾਲਿਨੀ ਗਰਗ
- ਪ੍ਰੋ. ਪਰਮਜੀਤ ਕੌਰ
- ਡਾ. ਗਗਨਦੀਪ ਕੌਰ
- ਡਾ. ਅਮਿਤਾ ਰਾਣੀ
- ਪ੍ਰੋ. ਰਾਜਵੀਰ ਕੌਰ
- ਸ਼੍ਰੀ ਸੰਦੀਪ ਕੁਮਾਰ (ਸਹਾਇਕ)

## ਯੂ.ਜੀ.ਸੀ. ਕਮੇਟੀ

- ਡਾ. ਵਿਪਨ ਪਾਲ ਸਿੰਘ (ਕਨਵੀਨਰ)
- ਡਾ. ਰਮਿੰਦਰ ਘਈ
- ਪ੍ਰੋ. ਵਰਿੰਦਰ ਮੱਕੜ
- ਪ੍ਰੋ. ਪਵਨਪ੍ਰੀਤ ਕੌਰ

## ਡੀਨ ਸਟੂਡੈਂਟ ਵੈਲਫੇਅਰ

- ਪ੍ਰੋ. ਪ੍ਰੀਤਮ ਸਿੰਘ ਭੰਗੂ

## ਐਨ.ਸੀ.ਸੀ. ਕਮੇਟੀ

- ਡਾ. ਨਰਿੰਦਰਜੀਤ ਸਿੰਘ ਬਰਾੜ
- ਸ਼੍ਰੀ. ਕੰਵਰਜੀਤ ਸਿੰਘ (ਸਹਾਇਕ)

## ਕਾਲਜ ਪ੍ਰਾਪਰਟੀ

- ਡਾ. ਪਰਮਿੰਦਰ ਸਿੰਘ (ਕਨਵੀਨਰ)
- ਡਾ. ਨਰਿੰਦਰਜੀਤ ਸਿੰਘ ਬਰਾੜ
- ਸ਼੍ਰੀ ਕੰਵਰਜੀਤ ਸਿੰਘ (ਸਹਾਇਕ)

## ਨੈਕ ਕੁਆਲਟੀ ਇੰਮਪਰੂਵਮੈਂਟ ਸੈੱਲ

- ਪ੍ਰੋ. ਸ਼ਾਲਿਨੀ ਗਰਗ (ਕਨਵੀਨਰ)
- ਪ੍ਰੋ. ਤਜਿੰਦਰ ਸਿੰਘ
- ਪ੍ਰੋ. ਸਰਿਤਾ ਭੱਲਾ
- ਡਾ. ਪਰਮਿੰਦਰ ਸਿੰਘ
- ਪ੍ਰੋ. ਨਵੀਨ ਜੈਨ

## ਆਰ.ਟੀ.ਆਈ. ਸੈੱਲ ਤੇ ਕਾਨੂੰਨੀ ਮਸਲੇ ਸਬੰਧੀ ਕਮੇਟੀ

- ਪ੍ਰੋ. ਰਮਾ ਗੁਪਤਾ (ਕਨਵੀਨਰ)
- ਪ੍ਰੋ. ਸ਼ਾਲਿਨੀ ਗਰਗ
- ਪ੍ਰੋ. ਪਰਮਜੀਤ ਕੌਰ

## ਐਜੂ ਸੈਟ ਕਮੇਟੀ

- ਪ੍ਰੋ. ਜੁਆਇੰਦਰਜੀਤ ਕੌਰ (ਕਨਵੀਨਰ)
- ਪ੍ਰੋ. ਹਰਜੀਤ ਸਿੰਘ
- ਸ਼੍ਰੀਮਤੀ ਵੀਰਪਾਲ ਕੌਰ (ਸਹਾਇਕ)

## ਕੌਮੀ ਸੇਵਾ ਯੋਜਨਾ (ਐਨ.ਐਸ.ਐਸ.)

- ਡਾ. ਪਰਮਿੰਦਰ ਸਿੰਘ (ਕਨਵੀਨਰ)
- ਪ੍ਰੋ. ਤਜਿੰਦਰ ਸਿੰਘ
- ਪ੍ਰੋ. ਪ੍ਰੀਤਮ ਸਿੰਘ ਭੰਗੂ
- ਡਾ. ਹਰਜਿੰਦਰ ਕੌਰ
- ਪ੍ਰੋ. ਕੁਲਵਿੰਦਰ ਕੌਰ

## ਰਾਸ਼ਟਰੀ ਉੱਚਤਰ ਸ਼ਿਕਸ਼ਾ ਅਭਿਆਨ (ਰੁਸਾ)

- ਡਾ. ਨਿਰਵਰਿੰਦਰ ਕੌਰ ਸੰਧੂ (ਕਨਵੀਨਰ)
- ਪ੍ਰੋ. ਹੁਸ਼ਿਆਰ ਸਿੰਘ ਸਰਾਂ
- ਪ੍ਰੋ. ਤਜਿੰਦਰ ਸਿੰਘ
- ਡਾ. ਵਿਪਨ ਪਾਲ ਸਿੰਘ
- ਪ੍ਰੋ. ਵਰਿੰਦਰ ਮੱਕੜ
- ਸ਼੍ਰੀ ਰੁਪਿੰਦਰ ਸਿੰਘ (ਸਹਾਇਕ)

## ਰੈੱਡ ਕਰਾਸ ਕਮੇਟੀ

- ਡਾ. ਵੰਦਨਾ ਗੋਇਲ (ਕਨਵੀਨਰ)
- ਡਾ. ਗਗਨਦੀਪ ਕੌਰ
- ਡਾ. ਕੁਸਮ ਮਹੇਸ਼ਵਰੀ

## ਰਿਸਰਚ ਕਮੇਟੀ

- ਡਾ. ਸਰਿਤਾ ਭੱਲਾ (ਕਨਵੀਨਰ)
- ਡਾ. ਰਮਿੰਦਰ ਘਈ
- ਡਾ. ਵਿਪਨ ਪਾਲ ਸਿੰਘ
- ਡਾ. ਅਮਿਤਾ ਰਾਣੀ
- ਡਾ. ਕੁਸਮ ਮਹੇਸ਼ਵਰੀ

## ਕਾਲਜ ਕੈਂਪਸ ਸੁੰਦਰਤਾ ਵਿਭਾਗ

- ਡਾ. ਪਰਮਿੰਦਰ ਸਿੰਘ (ਕਨਵੀਨਰ) ਇੰਚਾਰਜ-ਦਰਜਾਚਾਰ ਕਰਮਚਾਰੀ
- ਡਾ. ਰਮਿੰਦਰ ਘਈ
- ਡਾ. ਗਗਨਦੀਪ ਕੌਰ
- ਡਾ. ਕੁਸਮ ਮਹੇਸ਼ਵਰੀ
- ਪ੍ਰੋ. ਰਾਜਵੀਰ ਕੌਰ

## ਬਿਲਡਿੰਗ ਨਿਰਮਾਣ ਅਤੇ ਰੱਖ-ਰਖਾਵ ਕਮੇਟੀ

- ਡਾ. ਨਿਰਵਰਿੰਦਰ ਕੌਰ ਸੰਧੂ -ਮੇਨ ਬਿਲਡਿੰਗ
- ਪ੍ਰੋ. ਤੇਜਿੰਦਰ ਸਿੰਘ ਢੀਂਡਸਾ-ਗੁਰੂ ਤੇਗ ਬਹਾਦਰ ਬਲਾਕ
- ਪ੍ਰੋ. ਰਾਜਵੀਰ ਕੌਰ- ਰੁਸਾ ਬਲਾਕ
- ਪ੍ਰੋ. ਅਮਿਤਾ ਰਾਣੀ- ਕਲਪਨਾ ਚਾਵਲਾ ਬਲਾਕ
- ਡਾ. ਕੁਸਮ ਮਹੇਸ਼ਵਰੀ-ਪੀ.ਜੀ. ਬਲਾਕ
- ਪ੍ਰੋ. ਵਰਿੰਦਰ ਮੱਕੜ-ਬਾਇਓਲੌਜੀ ਵਿਭਾਗ
- ਡਾ. ਵਿਪਨ ਪਾਲ ਸਿੰਘ- ਗੁਰੂ ਨਾਨਕ ਲਾਇਬ੍ਰੇਰੀ

## ਬੱਸ ਪਾਸ ਕਮੇਟੀ

- ਪ੍ਰੋ. ਰਮਾ ਗੁਪਤਾ (ਕਨਵੀਨਰ)
- ਪ੍ਰੋ. ਕੁਲਵਿੰਦਰ ਕੌਰ
- ਡਾ. ਨਰਿੰਦਰਜੀਤ ਸਿੰਘ ਬਰਾੜ
- ਪ੍ਰੋ. ਅਮਿਤਾ ਰਾਣੀ
- ਡਾ. ਗਗਨਦੀਪ ਕੌਰ
- ਸ੍ਰੀ ਸੁਖਦੇਵ ਸਿੰਘ (ਸਹਾਇਕ)
- ਸ਼੍ਰੀ ਅਮਰਜੀਤ ਸਿੰਘ (ਸਹਾਇਕ)

## ਕਾਲਜ ਮੈਗਜ਼ੀਨ ਸੰਪਾਦਕੀ ਮੰਡਲ

- ਪ੍ਰੋ. ਹੁਸ਼ਿਆਰ ਸਿੰਘ ਸਰਾਂ (ਕਨਵੀਨਰ)
- ਡਾ. ਰਮਿੰਦਰ ਘਈ (ਸਾਇੰਸ)
- ਪ੍ਰੋ. ਤਜਿੰਦਰ ਸਿੰਘ (ਕਾਮਰਸ)
- ਪ੍ਰੋ. ...................... (ਹਿੰਦੀ)
- ਪ੍ਰੋ. ਕੁਲਵਿੰਦਰ ਕੌਰ (ਪੰਜਾਬੀ)
- ਡਾ. ਪਰਮਿੰਦਰ ਸਿੰਘ (ਸੋਸ਼ਲ ਸਾਇੰਸਿਜ਼)
- ਡਾ. ਨਿਰਵਰਿੰਦਰ ਕੌਰ (ਅੰਗਰੇਜ਼ੀ)
- ਪ੍ਰੋ. ਰਾਜਵੀਰ ਕੌਰ ਬਰਾੜ (ਖੇਤੀਬਾੜੀ)

## ਕੈਰੀਅਰ ਕਾਊਂਸਲਿੰਗ, ਗਾਈਡੈਂਸ ਅਤੇ ਪਲੇਸਮੈਂਟ ਸੈੱਲ (ਲੜਕੇ/ਲੜਕੀਆਂ)

- ਪ੍ਰੋ. ਪਰਮਜੀਤ ਕੌਰ (ਕਨਵੀਨਰ)
- ਪ੍ਰੋ. ਜਗਦੀਪ ਸਿੰਘ
- ਡਾ. ਰਾਜੇਸ਼ ਮੋਹਨ
- ਡਾ. ਗਗਨਦੀਪ ਕੌਰ
- ਡਾ. ਕੁਸਮ ਮਹੇਸ਼ਵਰੀ

## ਕਾਲਜ ਅਨੁਸਾਸ਼ਨ ਅਤੇ ਸੁਰੱਖਿਆ ਕਮੇਟੀ

- ਪ੍ਰੋ. ਪ੍ਰੀਤਮ ਸਿੰਘ ਭੰਗੂ (ਕਨਵੀਨਰ)
- ਪ੍ਰੋ. ਰਮਾ ਗੁਪਤਾ
- ਪ੍ਰੋ. ਕੁਲਵਿੰਦਰ ਕੌਰ
- ਡਾ. ਹਰਜਿੰਦਰ ਕੌਰ
- ਡਾ. ਵੰਦਨਾ ਗੋਇਲ
- ਡਾ. ਨਿਰਵਰਿੰਦਰ ਕੌਰ
- ਪ੍ਰੋ. ਸ਼ਾਲਿਨੀ ਗਰਗ
- ਪ੍ਰੋ. ਪਰਮਜੀਤ ਕੌਰ
- ਡਾ. ਨਰਿੰਦਰਜੀਤ ਸਿੰਘ ਬਰਾੜ
- ਪ੍ਰੋ. ਹਰਜੀਤ ਸਿੰਘ
- ਡਾ. ਅਮਿਤਾ ਰਾਣੀ
- ਡਾ. ਕੁਸਮ ਮਹੇਸ਼ਵਰੀ
- ਪ੍ਰੋ. ਵਰਿੰਦਰ ਮੱਕੜ

## ਕਾਲਜ ਕੰਟੀਨ ਕਮੇਟੀ

- ਪ੍ਰੋ. ਤਜਿੰਦਰ ਸਿੰਘ (ਕਨਵੀਨਰ)
- ਡਾ. ਵੰਦਨਾ ਗੋਇਲ
- ਪ੍ਰੋ. ਸ਼ਾਲਿਨੀ ਗਰਗ
- ਡਾ. ਨਰਿੰਦਰਜੀਤ ਸਿੰਘ ਬਰਾੜ
- ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਐਂਟੀ ਰੈਗਿੰਗ ਕਮੇਟੀ, ਸ਼ਿਕਾਇਤ ਨਿਵਾਰਨ ਕਮੇਟੀ ਅਤੇ ਨਸ਼ਿਆਂ ਦੀ ਰੋਕਥਾਮ ਲਈ ਕਮੇਟੀ

- ਪ੍ਰੋ. ਰਮਾ ਗੁਪਤਾ (ਕਨਵੀਨਰ)
- ਪ੍ਰੋ. ਕੁਲਵਿੰਦਰ ਕੌਰ
- ਪ੍ਰੋ. ਪ੍ਰੀਤਮ ਸਿੰਘ ਭੰਗੂ
- ਡਾ. ਹਰਜਿੰਦਰ ਕੌਰ

## ਛਪਾਈ ਕਮੇਟੀ

- ਡਾ. ਪੂਜਾ ਭੱਲਾ (ਕਨਵੀਨਰ)
- ਪ੍ਰੋ. ਪਰਮਜੀਤ ਕੌਰ
- ਡਾ. ਗਗਨਦੀਪ ਕੌਰ
- ਸ਼੍ਰੀ ਸੰਦੀਪ ਕੁਮਾਰ (ਸਹਾਇਕ)

## ਸਕਾਲਰਸ਼ਿਪ ਕਮੇਟੀ (ਐਸ.ਸੀ. ਅਤੇ ਬੀ.ਸੀ./ ਮਨਿਉਰਟੀ ਅਤੇ ਹੋਰ ਵਿਦਿਆਰਥੀਆਂ ਲਈ)

- ਪ੍ਰੋ. ਸ਼ਾਲਿਨੀ ਗਰਗ (ਨੋਡਲ ਅਫ਼ਸਰ)
- ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
- ਡਾ. ਵੰਦਨਾ ਗੋਇਲ
- ਪ੍ਰੋ. ਪਰਮਜੀਤ ਕੌਰ
- ਪ੍ਰੋ. ਅਮਿਤਾ ਰਾਣੀ
- ਡਾ. ਗਗਨਦੀਪ ਕੌਰ
- ਪ੍ਰੋ. ਵਰਿੰਦਰ ਮੱਕੜ
- ਸ਼੍ਰੀ ਸੁਨੀਤਾ ਰਾਣੀ (ਸਹਾਇਕ)

## ਐਸ.ਸੀ./ਐਸ.ਟੀ. ਵਿਦਿਆਰਥੀਆਂ ਨਾਲ ਪੱਖਪਾਤ ਰੋਕਣ ਸਬੰਧੀ ਕਮੇਟੀ

- ਪ੍ਰੋ. ਪ੍ਰੀਤਮ ਸਿੰਘ ਭੰਗੂ (ਕਨਵੀਨਰ)
- ਪ੍ਰੋ. ਜਗਦੀਪ ਸਿੰਘ
- ਡਾ. ਨਰਿੰਦਰਜੀਤ ਸਿੰਘ ਬਰਾੜ

## ਹੋਸਟਲ ਪ੍ਰਬੰਧਕ ਕਮੇਟੀ

- ਪ੍ਰੋ. ਤੇਜਿੰਦਰ ਸਿੰਘ ਢੀਂਡਸਾ (ਕਨਵੀਨਰ)
- ਡਾ. ਪਰਮਿੰਦਰ ਸਿੰਘ
- ਡਾ. ਵਿਪਨ ਪਾਲ ਸਿੰਘ

## ਸਾਈਕਲ ਸਟੈਂਡ ਕਮੇਟੀ

- ਡਾ. ਨਰਿੰਦਰਜੀਤ ਸਿੰਘ ਬਰਾੜ (ਕਨਵੀਨਰ)
- ਡਾ. ਵੰਦਨਾ ਗੋਇਲ
- ਪ੍ਰੋ. ਕੁਲਵਿੰਦਰ ਕੌਰ

## ਕਾਲਜ ਕੈਂਪਸ (ਬਿਜਲੀ ਸਬੰਧੀ ਕਮੇਟੀ)

- ਡਾ. ਪਰਮਿੰਦਰ ਸਿੰਘ (ਕਨਵੀਨਰ)
- ਪ੍ਰੋ. ਰਾਜਵੀਰ ਕੌਰ
- ਪ੍ਰੋ. ਅਮਿਤਾ ਰਾਣੀ
- ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਲਾਇਬਰੇਰੀ ਅਤੇ ਇੰਟਰਨੈੱਟ ਕਮੇਟੀ

- ਡਾ. ਰਮਿੰਦਰ ਘਈ (ਕਨਵੀਨਰ)
- ਡਾ. ਗਗਨਦੀਪ ਕੌਰ
- ਡਾ. ਵਿਪਨ ਪਾਲ ਸਿੰਘ
- ਪ੍ਰੋ. ਰਾਜਵੀਰ ਕੌਰ
- ਪ੍ਰੋ. ਵਰਿੰਦਰ ਮੱਕੜ
- ਪ੍ਰੋ. ਪਵਨਪ੍ਰੀਤ ਕੌਰ

## ਕਾਲਜ ਵੈਬ ਸਾਈਟ ਕਮੇਟੀ

- ਪ੍ਰੋ. ਸ਼ਾਲਿਨੀ ਗਰਗ (ਕਨਵੀਨਰ)
- ਪ੍ਰੋ. ਪਰਮਜੀਤ ਕੌਰ
- ਪ੍ਰੋ. ਪਵਨਪ੍ਰੀਤ ਕੌਰ

## ਕੋਰਟ ਕੇਸਾਂ ਸਬੰਧੀ ਕਮੇਟੀ

- ਡਾ. ਪਰਮਿੰਦਰ ਸਿੰਘ
- ਪ੍ਰੋ. ਪ੍ਰੀਤਮ ਸਿੰਘ ਭੰਗੂ
- ਡਾ. ਨਿਰਵਰਿੰਦਰ ਕੌਰ ਸੰਧੂ
- ਸ਼੍ਰੀ ਇਕਬਾਲ ਸਿੰਘ (ਜੂਨੀਅਰ ਸਹਾਇਕ)
- ਸ਼੍ਰੀ ਸੰਦੀਪ ਕੁਮਾਰ (ਸਹਾਇਕ)

## ਸਵੀਮਿੰਗ ਪੂਲ ਕਮੇਟੀ

- ਡਾ. ਹਰਜਿੰਦਰ ਕੌਰ (ਕਨਵੀਨਰ)
- ਡਾ. ਪਰਮਿੰਦਰ ਸਿੰਘ
- ਪ੍ਰੋ. ਪਰਮਜੀਤ ਕੌਰ
- ਪ੍ਰੋ. ਵਰਿੰਦਰ ਮੱਕੜ

## ਪ੍ਰਾਸਪੈਕਟਸ ਕਮੇਟੀ

- ਡਾ. ਰਮਿੰਦਰ ਘਈ (ਕਨਵੀਨਰ)
- ਪ੍ਰੋ. ਕੁਲਵਿੰਦਰ ਕੌਰ
- ਡਾ. ਪੂਜਾ ਭੱਲਾ
- ਪ੍ਰੋ. ਸ਼ਾਲਿਨੀ ਗਰਗ
- ਪ੍ਰੋ. ਪਰਮਜੀਤ ਕੌਰ
- ਸ਼੍ਰੀ ਅਸ਼ਵਨੀ ਕੁਮਾਰ ਮਹਿਤਾ (ਸਹਾਇਕ)

## ਇੰਟਰਨਲ ਕੁਆਲਿਟੀ ਐਸ਼ੋਰਸ ਸੈੱਲ

- ਪ੍ਰੋ. ਰਮਾ ਗੁਪਤਾ (ਐਡਮਨ ਅਫ਼ਸਰ)
- ਡਾ. ਵੰਦਨਾ ਗੋਇਲ
- ਪ੍ਰੋ. ਪਰਮਜੀਤ ਕੌਰ
- ਡਾ. ਕੁਸਮ ਮਹੇਸ਼ਵਰੀ
- ਪ੍ਰੋ. ਪਵਨਪ੍ਰੀਤ ਕੌਰ

## ਸੱਭਿਆਚਾਰਕ ਸਰਗਰਮੀਆਂ ਸਬੰਧੀ ਕਮੇਟੀ

- ਡਾ. ਪਰਮਿੰਦਰ ਸਿੰਘ (ਯੂਥ ਕੋਆਰਡੀਨੇਟਰ)
- ਪ੍ਰੋ. ਤਜਿੰਦਰ ਸਿੰਘ
- ਪ੍ਰੋ. ਸ਼ਾਲਿਨੀ ਗਰਗ
- ਡਾ. ਰਾਜੇਸ਼ ਮੋਹਨ
- ਪ੍ਰੋ. ਜਗਦੀਪ ਸਿੰਘ

## ਕਾਲਜ ਵਿੱਚ ਔਰਤਾਂ ਵਿਰੁੱਧ ਹਿੰਸਾ ਰੋਕਣ ਅਤੇ ਐਂਟੀ ਸੈਕਸੂਅਲ ਹਿਰਾਸਮੈਂਟ ਸੈੱਲ

- ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
- ਡਾ. ਹਰਜਿੰਦਰ ਕੌਰ
- ਡਾ. ਪੂਜਾ ਭੱਲਾ
- ਪ੍ਰੋ. ਪਰਮਜੀਤ ਕੌਰ

## ਕਾਲਜ ਕੈਂਪਸ (ਪਾਣੀ, ਸੀਵਰੇਜ਼ ਅਤੇ ਸੈਨੀਟੇਸ਼ਨ ਸਬੰਧੀ ਕਮੇਟੀ)

- ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
- ਪ੍ਰੋ. ਵਰਿੰਦਰ ਮੱਕੜ
- ਡਾ. ਨਰਿੰਦਰਜੀਤ ਸਿੰਘ ਬਰਾੜ
- ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਕਾਲਜ ਕੈਂਪਸ ਜਨਰੇਟਰ ਸਬੰਧੀ ਕਮੇਟੀ

- ਪ੍ਰੋ. ਜੁਆਏਇੰਦਰਜੀਤ ਕੌਰ (ਕਨਵੀਨਰ)
- ਡਾ. ਕੁਸਮ ਮਹੇਸ਼ਵਰੀ
- ਡਾ. ਅਮਿਤਾ ਰਾਣੀ
- ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਵਿਗਿਆਪਨ ਕਮੇਟੀ

- ਪ੍ਰੋ. ਹੁਸ਼ਿਆਰ ਸਿੰਘ ਸਰਾਂ (ਕਨਵੀਨਰ)
- ਪ੍ਰੋ. ਤਜਿੰਦਰ ਸਿੰਘ
- ਡਾ. ਰਮਿੰਦਰ ਘਈ

## ਵਾਈਫਾਈ ਅਤੇ ਵਰਚੁਅਲ ਕਲਾਸ ਰੂਮ ਸਬੰਧੀ ਕਮੇਟੀ

- ਪ੍ਰੋ. ਤੇਜਿੰਦਰ ਸਿੰਘ ਢੀਂਡਸਾ (ਕਨਵੀਨਰ)
- ਪ੍ਰੋ. ਸਰਿਤਾ ਭੱਲਾ
- ਡਾ. ਨਿਰਵਰਿੰਦਰ ਕੌਰ ਸੰਧੂ
- ਪ੍ਰੋ. ਵਰਿੰਦਰ ਮੱਕੜ

## ਰਾਈਟ ਟੂ ਸਰਵਿਸ ਸਬੰਧੀ ਕਮੇਟੀ

- ਡਾ. ਪਰਮਿੰਦਰ ਸਿੰਘ (ਨੋਡਲ ਅਫਸਰ)
- ਡਾ. ਨਰਿੰਦਰਜੀਤ ਸਿੰਘ ਬਰਾੜ
- ਪ੍ਰੋ. ਹਰਜੀਤ ਸਿੰਘ

## ਦਿਵਿਆਂਗ ਵਿਦਿਆਰਥੀਆਂ ਦੇ ਅਧਿਕਾਰਾਂ ਸਬੰਧੀ ਕਮੇਟੀ

- ਪ੍ਰੋ. ਜਗਦੀਪ ਸਿੰਘ (ਕਨਵੀਨਰ)
- ਡਾ. ਰਾਜੇਸ਼ ਮੋਹਨ
- ਡਾ. ਨਰਿੰਦਰਜੀਤ ਸਿੰਘ ਬਰਾੜ

## ਖੇਤੀਬਾੜੀ ਫਾਰਮ ਕਮੇਟੀ

- ਪ੍ਰੋ. ਰਾਜਵੀਰ ਕੌਰ (ਕਨਵੀਨਰ)
- ਪ੍ਰੋ. ਤੇਜਿੰਦਰ ਸਿੰਘ ਢੀਂਡਸਾ
- ਸ਼੍ਰੀ ਕੰਵਰਜਤ ਸਿੰਘ (ਸਹਾਇਕ)

## ਫਿਨੀਸ਼ਿੰਗ ਸਕੂਲ ਕਮੇਟੀ

- ਡਾ. ਨਿਰਵਰਿੰਦਰ ਕੌਰ ਸੰਧੂ (ਕਨਵੀਨਰ)
- ਡਾ. ਵਿਪਨਪਾਲ ਸਿੰਘ
- ਡਾ. ਕੁਸਮ ਮਹੇਸ਼ਵਰੀ
- ਪ੍ਰੋ. ਵਰਿੰਦਰ ਮੱਕੜ

## ਡੀ-ਫੇਸਿੰਗ ਆਫ਼ ਕਾਲਜ ਪ੍ਰਾਪਰਟੀ ਰੋਕਣ ਸਬੰਧੀ ਕਮੇਟੀ

- ਡਾ. ਨਰਿੰਦਰਜੀਤ ਸਿੰਘ ਬਰਾੜ
- ਪ੍ਰੋ. ਹਰਜੀਤ ਸਿੰਘ
- ਡਾ. ਅਮਿਤਾ ਰਾਣੀ
- ਸ਼੍ਰੀ ਸ਼ੰਕਰ ਠਾਕੁਰ
- ਸ਼੍ਰੀ ਸੁਖਜੀਤ ਸਿੰਘ

***

# ਰਾਖਵੀਆਂ ਸੀਟਾਂ
# RESERVATION OF SEATS

**1. The percentage of seats reserved for different categories be as follow.:-**

| Sr. No. | Category | Percentage of seats to be reserved. |
|---|---|---|
| i) | Scheduled Castes/Scheduled Tribes | 25% |
| ii) | Backward Classes | 10% |
| iii) | Border Area/ Backward Area (2% each) | 4% |
| iv) | Sports Persons | 2% |
| v) | Wards of Political Sufferers/Freedom Fighters (This will also include the wards of those who have undergone as aggregate of at least three months of imprisonment in connection with Emergency/Punjabi Suba or Dharm Yudh Morcha for the demands of the State of Punjab). | 2% |
| vi) | Disabled Persons:-<br>(i) Blind - 1%<br>(ii) Deaf & Dumb - 1%<br>(iii) Other handicapped - 1%<br>(If suitable candidates are not available in any one of these sub-categories of disabled candidates or are not found suitable for the particular course, the seats so available will be filled up by the candidates from the other sub-categories of disabled candidates). | 3% |
| vii) | Children/widows of defense personnel killed of disabled to the extent of 50% or more in action wards of gallantry awardees and children of serving defense personnel/ex-serviceman. | 2% |
| viii) | Children/Widows of paramilitary forces personnel, Punjab Police, PAP and Punjab Home Guards killed or disabled in action to the extent of 50% or more and children of serving of serving paramilitary forces personnel/ ex-paramilitary forces personnel. | 2% |
| ix) | November, 1984 riot affected displaced person, children of Army deserters killed/100% physically disabled, the children of the families of persons killed as a result of terrorist violence or by security forces acting in aid of civil power and the children of innocent civilians who have sustained 100% disability in terrorist violence or during operation by security forces acting in aid of civil power. | 2% |
| x) | Widow/Divorced women | 2% |

[Note : (i) In all the Courses where the number of seats is more than 50, the above Reservation categorization will be followed, (ii) The reservation of seats in departments where the number of seats is 20 or above, the following categories will be clubbed. The seats will be allotted to the order of merit. The clubbing of categories is given below : (a) Border Area/Backward Area : 4%, (b) Disabled Persons/Widows/Divorced Women : 5%, (c) Children/Widow of Defence Personnel/Para-Military Personnel : 4%, (d) Wards of Political Sufferers/Freedom Fighters/ Riots Affected : 4%]

(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪੱਤਰ ਨੰ. 2276-2405/ਐਸ ਸੀ./ਬੀ ਸੀ ਸੈਲ ਮਿਤੀ : 19-06-2002)
(ਹਵਾਲਾ : ਪੰਜਾਬ ਸਰਕਾਰ ਦਾ ਪੱਤਰ ਨੰ. 1/12/17/RCI/96, 98-102 ਮਿਤੀ : 12-04-2017)

ਨੋਟ : ਜੇਕਰ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਰਾਖਵੀਆਂ ਸੀਟਾਂ ਵਿੱਚ ਤਬਦੀਲੀ ਬਾਰੇ ਕੋਈ ਨਵੇਂ ਨਿਰਦੇਸ਼ ਪ੍ਰਾਪਤ ਹੁੰਦੇ ਹਨ ਤਾਂ ਉਹਨਾਂ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ।

2. **ਯੁਵਕ ਮੇਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਵਾਧੂ ਸੀਟਾਂ :-**

ਯੁਵਕ ਮੇਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਸਾਰੇ ਕੋਰਸਾਂ ਵਿੱਚ ਐਂਟਰੀ ਪੁਆਇੰਟ ਤੇ ਵਾਧੂ ਸੀਟਾਂ ਦੀ ਗਿਣਤੀ 8 ਹੋਵੇਗੀ। ਇਸਦੀ ਮੈਰਿਟ ਦਾ ਫੈਸਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਹੋਵੇਗਾ। (ਯੂਨੀਵਰਸਿਟੀ ਪੱਤਰ ਨੰ. 148-9/8-02 ਕਾ.ਐਜੂ (1) ਮਿਤੀ 18/7/2003)

3. **ਪੇਂਡੂ ਵਿਦਿਆਰਥੀਆਂ ਲਈ ਵਾਧੂ ਸੀਟਾਂ :-**

ਉਨ੍ਹਾਂ ਵਿਦਿਆਰਥੀਆਂ ਲਈ 10 ਪ੍ਰਤੀਸ਼ਤ ਸੀਟਾਂ ਵਾਧੂ ਰਾਖਵੀਆਂ ਹਨ ਜਿਨ੍ਹਾਂ ਨੇ 10ਵੀਂ/10+2 ਦੀ ਪ੍ਰੀਖਿਆ ਕਿਸੇ ਅਜਿਹੇ ਪੇਂਡੂ ਸਕੂਲ ਤੋਂ ਪਾਸ ਕੀਤੀ ਹੋਵੇ ਜਿਹੜਾ ਕਿਸੇ ਮਿਊਂਸਪਲ ਕਾਰਪੋਰੇਸ਼ਨ/ਕਮੇਟੀ/ਸਮਾਲ ਟਾਊਨ/ਨੋਟੀਫਾਈਡ ਏਰੀਆ ਦੇ ਘੇਰੇ ਵਿੱਚ ਨਹੀਂ ਆਉਂਦਾ। ਅਜਿਹੇ ਉਮੀਦਵਾਰਾਂ ਲਈ ਅਖੀਰਲੀ ਪ੍ਰੀਖਿਆ ਤੋਂ ਪਹਿਲਾਂ 5 ਸਾਲ ਲਈ ਅਜਿਹੇ ਸਕੂਲ ਦਾ ਵਿਦਿਆਰਥੀ ਹੋਣਾ ਲਾਜ਼ਮੀ ਹੋਵੇਗਾ ਅਤੇ ਸਬੰਧਿਤ ਤਹਿਸੀਲਦਾਰ ਤੋਂ ਤਸਦੀਕ ਕਰਵਾ ਕੇ, ਇਹ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਸਬੰਧਤ ਫਾਰਮ ਪ੍ਰਾਸਪੈਕਟਸ ਦੇ ਅਖੀਰ ਵਿੱਚ ਨੱਥੀ ਹੈ।

(ਹਵਾਲਾ : ਯੂਨੀਵਰਸਿਟੀ ਪੱਤਰ ਨੰ. 4914-5032/ਕਾਲਜ/ਜੀ ਸੀ.-6 ਮਿਤੀ 26-05-2006)

(ਨੋਟ : ਕਾਲਜ ਵਿੱਚ ਦਾਖਲਾ ਲੈਣ ਲਈ ਅਖੀਰਲੀ ਪ੍ਰੀਖਿਆ 10+2 ਹੈ।)

# ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ

1. ਹਰ ਰਿਜ਼ਰਵ ਸ਼੍ਰੇਣੀ ਵਿੱਚ ਆਉਣ ਵਾਲੇ ਵਿਦਿਆਰਥੀ ਲਈ ਦਾਖਲਾ ਫਾਰਮ ਤੇ ਕੈਟੇਗਰੀ ਲਿਖਣੀ ਜਰੂਰੀ ਹੈ। ਜੇਕਰ ਵਿਦਿਆਰਥੀ ਫਾਰਮ ਵਿੱਚ ਕੈਟੇਗਰੀ ਨਹੀਂ ਲਿਖਦਾ ਤਾਂ ਉਸ ਨੂੰ ਜਨਰਲ ਕੈਟੇਗਰੀ ਵਿਚ ਹੀ ਸਮਝਿਆ ਜਾਵੇਗਾ ਅਤੇ ਰਿਜ਼ਰਵ ਕੈਟੇਗਰੀ ਦਾ ਕੋਈ ਹੱਕ ਨਹੀਂ ਮਿਲੇਗਾ। ਜੇ ਕੋਈ ਵਿਦਿਆਰਥੀ ਇੱਕ ਤੋਂ ਵੱਧ ਕੈਟਾਗਰੀ ਭਰਦਾ ਹੈ ਤਾਂ ਉਸ ਦੁਆਰਾ ਭਰੀ ਪਹਿਲੀ ਕੈਟਾਗਰੀ ਨੂੰ ਹੀ ਮੰਨਿਆ ਜਾਵੇਗਾ।
2. ਸਰਕਾਰ ਦੇ ਪੱਤਰ ਨੰ: 1/41/96-ਰਸ.1/992-1005 ਮਿਤੀ 18-08-2004 ਅਨੁਸਾਰ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਸਰਟੀਫਿਕੇਟ ਜਾਰੀ ਕਰਨ ਲਈ ਨਿਰਧਾਰਿਤ ਪ੍ਰੋਫਾਰਮਿਆਂ ਵਿੱਚ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫਿਕੇਟਾਂ ਨੂੰ ਹੀ ਜਾਇਜ਼ ਮੰਨਿਆ ਜਾਵੇਗਾ।
3. ਰਿਜ਼ਰਵ ਕੈਟੇਗਰੀ ਨਾਲ ਸਬੰਧਤ ਵਿਦਿਆਰਥੀਆਂ ਕੋਲ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਕੀਤਾ ਹੋਇਆ ਸਰਟੀਫਿਕੇਟ ਹੋਣਾ ਜਰੂਰੀ ਹੈ। ਇਨ੍ਹਾਂ ਸਰਟੀਫਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਦਾਖਲਾ ਫਾਰਮ ਨਾਲ ਲਾਉਣੀਆਂ ਜਰੂਰੀ ਹਨ। ਅਸਲ ਸਰਟੀਫਿਕੇਟ ਇੰਟਰਵਿਊ ਕਮੇਟੀ ਵੱਲੋਂ ਵੇਖੇ ਜਾਣਗੇ। ਅਸਲ ਸਰਟੀਫਿਕੇਟ ਦੀ ਅਣਹੋਂਦ ਤੇ ਦਾਖਲਾ ਅਗਲੇ ਹੱਕਦਾਰ ਨੂੰ ਦੇ ਦਿੱਤਾ ਜਾਵੇਗਾ।
4. ਹਰ ਰਿਜ਼ਰਵ ਕੈਟੇਗਰੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਕੈਟਾਗਰੀ ਦੀ ਆਪਣੀ ਬਣਦੀ ਮੈਰਿਟ ਅਨੁਸਾਰ ਹੋਵੇਗਾ।
5. ਸਰਕਾਰੀ ਹਦਾਇਤਾਂ ਨੰ: 3/8/95-ਰਸ.3/4853-54 ਮਿਤੀ 10/12-07-95 ਅਤੇ ਪੱਤਰ ਨੰ: 2/27/2004-ਰਸ.1/1763-71 ਮਿਤੀ 30-12-2004 ਅਨੁਸਾਰ ਆਪਣੀ ਸੀਨੀਆਰਤਾ ਕਮ ਮੈਰਿਟ ਤੇ ਆਏ ਐਸ.ਸੀ. ਅਤੇ ਬੀ.ਸੀ. ਸ਼੍ਰੇਣੀ ਦੇ ਉਮੀਦਵਾਰਾਂ ਨੂੰ ਰਾਖਵੇਂਕਰਨ ਦਾ ਹਿਸਾਬ ਲਗਾਉਂਦੇ ਸਮੇਂ ਰਿਜਰਵੇਸ਼ਨ ਵਿਚ ਨਹੀਂ ਗਿਣਿਆ ਜਾਣਾ।
6. ਸਰਕਾਰ ਦੇ ਪੱਤਰ ਨੰ: 10/9/2009 -ਰਸ/62 ਮਿਤੀ 8-01-2010 ਅਨੁਸਾਰ ਪੱਛੜੀ ਸ਼੍ਰੇਣੀ ਦੇ ਵਿਅਕਤੀ ਨੂੰ ਜਾਰੀ ਹੋਇਆ ਜਾਤੀ ਸਰਟੀਫਿਕੇਟ ਉਸ ਸਮੇਂ ਤੱਕ ਯੋਗ ਮੰਨਿਆ ਜਾਵੇਗਾ ਜਦੋਂ ਤਕ ਪ੍ਰਾਰਥੀ ਕ੍ਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ। ਇਸ ਸਬੰਧੀ ਪ੍ਰਾਰਥੀ ਤੋਂ ਘੋਸ਼ਣਾ ਪੱਤਰ ਪ੍ਰਾਪਤ ਕੀਤਾ ਜਾਵੇਗਾ ਜਿਸ ਵਿਚ ਲਿਖਿਆ ਹੋਵੇਗਾ ਕਿ ਉਸਦੇ ਸਟੇਟਸ ਵਿਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕ੍ਰੀਮੀ ਲੇਅਰ ਦੇ ਦਾਇਰੇ ਵਿਚ ਨਹੀਂ ਆਉਂਦਾ।
7. ਰਿਜ਼ਰਵ ਕੈਟਾਗਰੀ ਵਾਲੇ ਵਿਦਿਆਰਥੀ ਜਨਰਲ ਕੈਟਾਗਰੀ ਦੀ ਇੰਟਰਵਿਊ ਦੀ ਤਰੀਕ ਨੂੰ ਹਾਜ਼ਰ ਹੋਣਗੇ। ਜਿੰਨਾਂ ਵਿਦਿਆਰਥੀਆਂ ਦਾ ਜਨਰਲ ਕੈਟਾਗਰੀ ਦੀ ਮੈਰਿਟ ਵਿੱਚ ਦਾਖਲਾ ਨਹੀਂ ਹੁੰਦਾ, ਉਹ ਰਿਜ਼ਰਵ ਕੈਟਾਗਰੀ ਦੀ ਇੰਟਰਵਿਊ ਵਿੱਚ ਦੋਬਾਰਾ ਇੰਟਰਵਿਊ ਲਈ ਹਾਜ਼ਰ ਹੋਣਗੇ।
8. ਜੇਕਰ ਨਿਰਧਾਰਿਤ ਦਾਖਲੇ ਦੀ ਤਰੀਕ ਤੱਕ ਰਿਜ਼ਰਵ ਕੈਟਾਗਰੀ ਦੇ ਯੋਗ ਅਤੇ ਹੱਕਦਾਰ ਉਮੀਦਵਾਰ ਨਹੀਂ ਆਉਂਦੇ, ਤਾਂ ਸੀਟ ਡੀ-ਰਿਜ਼ਰਵ ਕਰ ਦਿੱਤੀ ਜਾਵੇਗੀ।
9. ਸਪੋਰਟਸ ਕੋਟੇ ਵਿੱਚ ਕੇਵਲ ਉਨ੍ਹਾਂ ਖਿਡਾਰੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿੰਨ੍ਹਾਂ ਨੇ ਵੱਖ-ਵੱਖ ਖੇਡਾਂ ਵਿੱਚ ਘੱਟੋ-ਘੱਟ ਜ਼ਿਲ੍ਹੇ/ਕਾਲਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ/ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ। ਉਨ੍ਹਾਂ ਦੀ ਮੈਰਿਟ ਪੰਜਾਬ ਸਪੋਰਟਸ ਵਿਭਾਗ ਵੱਲੋਂ ਕੀਤੀ ਗਰੇਡੇਸ਼ਨ ਦੇ ਅਧਾਰ ਤੇ ਬਣਾਈ ਜਾਵੇਗੀ।
10. ਐਮ.ਏ. (ਪੰਜਾਬੀ, ਅਰਥ ਸ਼ਾਸਤਰ ਅਤੇ ਅੰਗਰੇਜ਼ੀ) ਭਾਗ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਅਨੁਸੂਚਿਤ ਜਾਤੀ ਅਤੇ ਅਪੰਗ (ਘੱਟੋ-ਘੱਟ 40 ਪ੍ਰਤੀਸ਼ਤ) ਵਿਦਿਆਰਥੀਆਂ ਨੂੰ ਨਿਸ਼ਚਿਤ ਹੋਈ ਘੱਟੋ-ਘੱਟ ਪ੍ਰਾਪਤ ਕੀਤੇ ਨੰਬਰਾਂ ਦੀ ਗਿਣਤੀ ਵਿੱਚ 5 ਪ੍ਰਤੀਸ਼ਤ ਛੋਟ ਦੇਣ ਦੀ ਵਿਵਸਥਾ ਹੈ।
11. ਜੇਕਰ ਕੋਈ ਵਿਦਿਆਰਥੀ ਇੱਕ ਤੋਂ ਵੱਧ ਕੈਟਾਗਰੀ ਵਿੱਚ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਹਰ ਕੈਟਾਗਰੀ ਲਈ ਵੱਖਰਾ ਫਾਰਮ ਭਰਨਾ ਹੋਵੇਗਾ। ਇੱਕ ਦਾਖਲਾ ਫਾਰਮ ਵਿੱਚ ਇੱਕ ਤੋਂ ਵੱਧ ਕੈਟਾਗਰੀ ਨਾ ਭਰੀ ਜਾਵੇ।
12. ਰਿਜ਼ਰਵ ਕੈਟਾਗਰੀ ਨਾਲ ਸਬੰਧਤ ਵਿਦਿਆਰਥੀ ਆਪਣੇ ਕਾਰਡ ਦੀ ਕਾਪੀ ਫਾਰਮ ਨਾਲ ਨੱਥੀ ਕਰਨਗੇ ਅਤੇ ਅਸਲ ਕਾਰਡ ਇੰਟਰਵਿਊ ਸਮੇਂ ਨਾਲ ਲੈ ਕੇ ਆਉਣਗੇ।

## ਦਾਖਲੇ ਸਮੇਂ ਹੇਠ ਲਿਖੇ ਦਸਤਾਵੇਜ਼ ਦਾਖਲਾ ਫਾਰਮ ਨਾਲ ਨੱਥੀ ਕਰਨੇ ਜ਼ਰੂਰੀ ਹਨ। ਇਨ੍ਹਾਂ ਤੋਂ ਬਿਨਾਂ ਫਾਰਮ ਪ੍ਰਵਾਨ ਨਹੀਂ ਕੀਤਾ ਜਾਵੇਗਾ।

1. ਪਿਛਲੀ ਪਾਸ ਕੀਤੀ ਪ੍ਰੀਖਿਆ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
2. ਜਨਮ ਮਿਤੀ ਦਰਸਾਉਂਦੇ ਮੈਟ੍ਰਿਕ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
3. ਪਿਛਲੀ ਸੰਸਥਾ ਦੇ ਮੁਖੀ ਵੱਲੋਂ ਚੰਗੇ ਆਚਰਣ ਸਬੰਧੀ ਪ੍ਰਮਾਣ-ਪੱਤਰ ਦੀ ਅਸਲ ਅਤੇ ਤਸਦੀਕਸ਼ੁਦਾ ਨਕਲ। ਪ੍ਰਾਈਵੇਟ ਵਿਦਿਆਰਥੀ ਕਿਸੇ ਗਜ਼ਟਿਡ ਅਫ਼ਸਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਵੀ ਦੇ ਸਕਦੇ ਹਨ।
4. ਰਿਹਾਇਸ਼ੀ ਪਤੇ ਦੇ ਸਬੂਤ ਲਈ ਹੇਠ ਲਿਖੀਆਂ ਵਿੱਚੋਂ ਕਿਸੇ ਇੱਕ ਕਾਪੀ ਨਾਲ ਨੱਥੀ ਕੀਤੀ ਜਾਵੇ: ਰਾਸ਼ਨ ਕਾਰਡ, ਟੈਲੀਫੋਨ ਬਿੱਲ, ਵੋਟਰ ਕਾਰਡ, ਡਰਾਈਵਿੰਗ ਲਾਇਸੰਸ, ਪਾਸਪੋਰਟ।
5. ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਆਪਣੀ ਕੈਟਾਗਰੀ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
6. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ-ਪੱਤਰ ਦੇਣਾ ਪਵੇਗਾ।
7. ਜਿਹਨਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀ ਹੈ, ਉਹਨਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫਿਕੇਟ (Eligibility Certificate) ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਜਿਨਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ, ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਐਜੂਕੇਸ਼ਨ, ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਸੀ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਕੀਤੇ ਜਾਣ ਵਾਲੇ ਦਾਖਲੇ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਰਜਿਸਟ੍ਰੇਸ਼ਨ ਬਰਾਂਚ ਤੋਂ ਪਾਤਰਤਾ/Eligibility ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।
8. ਅਧਾਰ ਕਾਰਡ ਦੀ ਕਾਪੀ

ਨੋਟ: ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗਲਤ ਬਿਆਨੀ ਕਰਕੇ ਆਪਣੇ ਸਰਟੀਫਿਕੇਟ ਦੇ ਕੇ ਕਾਲਜ ਵਿੱਚ ਦਾਖਲਾ ਲੈਂਦਾ ਹੈ ਤਾਂ ਉਸ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸ ਵਿਦਿਆਰਥੀ ਦੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ ਅਤੇ ਉਸਦੇ ਵਿਰੁੱਧ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

## ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਸਬੰਧੀ ਯੋਗਤਾ ਅਤੇ ਵਿਸ਼ਿਆਂ ਦੀ ਚੋਣ

### ਬੀ.ਏ. ਭਾਗ ਪਹਿਲਾ

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ 'ਤੇ ਕੀਤਾ ਜਾਵੇਗਾ।

ਵਿਸ਼ੇ :-

1. ਪੰਜਾਬੀ ਲਾਜ਼ਮੀ ਜਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)
2. ਅੰਗਰੇਜ਼ੀ-ਕਮਿਊਨੀਕੇਸ਼ਨ ਸਕਿੱਲਜ਼ (ਲਾਜ਼ਮੀ)

(ਉਪਰੋਕਤ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ, ਵਿਦਿਆਰਥੀਆਂ ਨੂੰ ਤਿੰਨ ਹੋਰ ਵਿਸ਼ੇ ਪੜ੍ਹਨੇ ਹੋਣਗੇ, ਪ੍ਰੰਤੂ ਹੇਠਲੇ ਗਰੁੱਪਾਂ ਵਿੱਚੋਂ ਇੱਕ ਤੋਂ ਵੱਧ ਵਿਸ਼ਾ ਨਹੀਂ ਲਿਆ ਜਾ ਸਕਦਾ।)

| | | |
|---|---|---|
| ਗਰੁੱਪ 1 | - | ਸਰੀਰਕ ਸਿੱਖਿਆ, ਅਰਥ-ਸ਼ਾਸਤਰ |
| ਗਰੁੱਪ 2 | - | ਹਿਸਟਰੀ, ਗਣਿਤ, ਫਿਲਾਸਫੀ |
| ਗਰੁੱਪ 3 | - | ਰਾਜਨੀਤੀ ਸ਼ਾਸਤਰ |
| ਗਰੁੱਪ 4 | - | ਪੰਜਾਬੀ ਸਾਹਿਤ, ਹਿੰਦੀ ਸਾਹਿਤ, ਅੰਗਰੇਜ਼ੀ ਸਾਹਿਤ |
| ਗਰੁੱਪ 5 | - | ਜੌਗਰਫੀ, ਮਿਊਜ਼ਕ ਵੋਕਲ |

## ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਜ਼ਰੂਰੀ ਹਦਾਇਤਾਂ

1. ਦਾਖਲੇ ਸਮੇਂ ਜੋ ਵਿਸ਼ੇ ਵਿਦਿਆਰਥੀ ਨੂੰ ਦਿੱਤੇ ਜਾਣਗੇ ਉਹੀ ਵਿਸ਼ੇ ਵਿਦਿਆਰਥੀ ਨੂੰ ਪੜ੍ਹਨੇ ਪੈਣਗੇ।
2. ਬੀ.ਏ. ਭਾਗ ਪਹਿਲਾ ਸਰੀਰਕ ਸਿੱਖਿਆ ਲਈ 160 ਸੀਟਾਂ ਹਨ। ਇਹ ਵਿਸ਼ਾ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤਾ ਜਾਵੇਗਾ ਜਿਹੜੇ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਟੈਸਟ ਦੇ ਆਧਾਰ ਤੇ ਬਣੀ ਮੈਰਿਟ ਰਾਹੀਂ ਚੁਣੇ ਜਾਣਗੇ। ਸਰੀਰਕ ਸਿੱਖਿਆ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀ ਲਈ ਖੇਡਾਂ ਵਿੱਚ ਅਤੇ ਸਲਾਨਾ ਖੇਡ ਸਮਾਰੋਹ ਭਾਗ ਲੈਣਾ ਲਾਜ਼ਮੀ ਹੋਵੇਗਾ।
3. ਇਸ ਸਮੇਂ ਕਾਲਜ ਵਿੱਚ ਹਾਕੀ, ਫੁੱਟਬਾਲ, ਵਾਲੀਬਾਲ, ਕ੍ਰਿਕਟ, ਕਬੱਡੀ, ਬਾਸਕਟਬਾਲ, ਬੈਡਮਿੰਟਨ, ਟੇਬਲ ਟੈਨਿਸ, ਕੁਸ਼ਤੀ, ਸ਼ਤਰੰਜ, ਵਾਟਰ ਪੋਲੋ, ਸਾਫਟ ਬਾਲ, ਤਾਈਕਵਾਂਡੋ ਆਦਿ ਖੇਡਾਂ ਖਿਡਾਈਆਂ ਜਾਂਦੀਆਂ ਹਨ।
4. ਬੀ.ਏ ਭਾਗ ਪਹਿਲਾ ਵਿੱਚ ਗਣਿਤ ਵਿਸ਼ਾ ਉਹੀ ਵਿਦਿਆਰਥੀ ਲੈ ਸਕਦਾ ਹੈ ਜਿਸਨੇ 10+2 ਕਲਾਸ ਵਿੱਚ ਗਣਿਤ ਦਾ ਵਿਸ਼ਾ ਪਾਸ ਕੀਤਾ ਹੋਵੇ।
5. ਗਣਿਤ ਵਿਸ਼ਾ ਲੈਣ ਵਾਲੇ ਵਿਦਿਆਰਥੀ ਨੂੰ ਰਾਜਨੀਤੀ ਸ਼ਾਸਤਰ ਦਾ ਵਿਸ਼ਾ ਲੈਣ ਦੀ ਆਗਿਆ ਨਹੀਂ ਹੈ।
6. ਵਿਦਿਆਰਥੀ ਵੱਧ ਤੋਂ ਵੱਧ 2 ਪ੍ਰੈਕਟੀਕਲ ਵਿਸ਼ੇ ਹੀ ਲੈ ਸਕਦੇ ਹਨ।
7. ਡੀ.ਪੀ.ਆਈ (ਕਾਲਜਾਂ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 15/11-2005 ਕਾ.ਐਜੂ (1)/1998-2045 ਮਿਤੀ 07-07-2005 ਦੇ ਆਦੇਸ਼ ਅਨੁਸਾਰ ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਹਰ ਵਿਸ਼ੇ ਦੀ ਮੁੱਢਲੀ ਕਲਾਸ ਵਿੱਚ ਘੱਟ-ਘੱਟ 20 ਵਿਦਿਆਰਥੀ ਦਾਖਲੇ ਹੋਣੇ ਚਾਹੀਦੇ ਹਨ ਅਤੇ ਵਿਸ਼ਾ ਬਦਲੀ ਉਪਰੰਤ ਵੀ ਘੱਟੋ-ਘੱਟ 10 ਵਿਦਿਆਰਥੀ ਉਸ ਕਲਾਸ ਵਿੱਚ ਜ਼ਰੂਰ ਰਹਿਣ, ਤਾਂ ਹੀ ਇਸ ਵਿਸ਼ੇ ਨੂੰ ਪੜ੍ਹਾਉਣ ਦੀ ਆਗਿਆ ਦਿੱਤੀ ਜਾਵੇਗੀ।
8. ਕਿਸੇ ਵਿਦਿਆਰਥੀ ਨੂੰ ਉਹ ਵਿਸ਼ਾ ਪੜ੍ਹਨ ਦੀ ਆਗਿਆ ਨਹੀਂ ਹੈ, ਜੋ ਇਸ ਕਾਲਜ ਵਿੱਚ ਪੜ੍ਹਾਇਆ ਹੀ ਨਹੀਂ ਜਾਂਦਾ।
9. ਜੇਕਰ ਯੂਨੀਵਰਸਿਟੀ ਦੇ ਆਦੇਸ਼ਾਂ ਅਨੁਸਾਰ ਵਿਸ਼ਿਆਂ ਵਿੱਚ ਕੋਈ ਪਰਿਵਰਤਨ ਹੁੰਦਾ ਹੈ ਤਾਂ ਇਸ ਦੀ ਸੂਚਨਾ ਵਿਦਿਆਰਥੀ ਨੂੰ ਨੋਟਿਸ ਬੋਰਡ ਰਾਹੀਂ ਦਿੱਤੀ ਜਾਵੇਗੀ।
10. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਦੇਸ਼ ਅਨੁਸਾਰ ਉਨ੍ਹਾਂ ਵਿਸ਼ਿਆਂ ਨੂੰ ਛੱਡ ਕੇ ਜਿੱਥੇ ਪਹਿਲਾਂ ਹੀ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਹੈ, ਉੱਥੇ ਇੱਕ ਸੈਕਸ਼ਨ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ 80 ਹੋ ਸਕਦੀ ਹੈ। ਫੈਕਲਟੀ ਮੈਂਬਰਾਂ ਦੀ ਹੋਂਦ ਨੂੰ ਧਿਆਨ ਵਿੱਚ ਰੱਖਦੇ ਹੋਏ ਹਰ ਵਿਸ਼ੇ ਵਿੱਚ ਗਿਣਤੀ ਨਿਸ਼ਚਿਤ ਕੀਤੀ ਜਾਵੇਗੀ। ਇਸ ਲਈ ਇਹ ਜ਼ਰੂਰੀ ਨਹੀਂ ਕਿ ਜਿਹੜਾ ਵਿਸ਼ਾ ਵਿਦਿਆਰਥੀ ਨੇ ਫਾਰਮ ਵਿੱਚ ਭਰਿਆ ਹੈ, ਉਹ ਉਸਨੂੰ ਦਿੱਤਾ ਜਾਵੇਗਾ। ਇਹ ਵਿਸ਼ੇ ਮੈਰਿਟ ਦੇ ਆਧਾਰ 'ਤੇ ਹੀ ਦਿੱਤੇ ਜਾਣਗੇ। ਵਿਦਿਆਰਥੀ ਪਹਿਲਾਂ ਹੀ ਵਿਸ਼ਿਆਂ ਦੀ ਚੋਣ ਸੋਚ ਸਮਝ ਕੇ ਤਰਜੀਹ ਅਨੁਸਾਰ ਭਰਨ।
11. ਵਿਦਿਆਰਥੀ ਲਈ ਦਾਖਲੇ ਸਮੇਂ ਅਸਲ ਸਰਟੀਫਿਕੇਟ ਲੈ ਕੇ ਆਉਣੇ ਜ਼ਰੂਰੀ ਹਨ। ਅਸਲ ਦਸਤਾਵੇਜ਼ਾਂ ਤੋਂ ਬਿਨਾਂ ਦਾਖਲਾ ਨਹੀਂ ਕੀਤਾ ਜਾਵੇਗਾ।

## ਬੀ.ਐਸ.ਸੀ. ਭਾਗ ਪਹਿਲਾ (ਮੈਡੀਕਲ/ਨਾਨ ਮੈਡੀਕਲ) ਸਮੈਸਟਰ-1

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਸਾਇੰਸ ਦੇ ਵਿਸ਼ਿਆਂ ਦੇ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

ਵਿਸ਼ੇ :- ਨਾਨ-ਮੈਡੀਕਲ : ਅੰਗਰੇਜ਼ੀ, ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਕਮਿਸਟਰੀ, ਫਿਜ਼ਿਕਸ, ਮੈਥ।

ਵਿਸ਼ੇ :- ਮੈਡੀਕਲ : ਅੰਗਰੇਜ਼ੀ, ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਕਮਿਸਟਰੀ, ਬਾਟਨੀ, ਜ਼ੁਆਲੋਜ਼ੀ।

## ਬੀ.ਕਾਮ. ਭਾਗ ਪਹਿਲਾ (ਸਮੈਸਟਰ-1)

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਹੇਠ ਲਿਖੇ ਅਨੁਸਾਰ ਘੱਟੋ-ਘੱਟ ਅੰਕ ਪ੍ਰਾਪਤ ਕਰਕੇ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

- 10+2 ਕਾਮਰਸ ਗਰੁੱਪ - 40%
- 10+2 ਮੈਥ, ਇਕਨਾਮਿਕਸ, ਮੈਨੇਜਮੈਂਟ ਅਕਾਊਂਟਿੰਗ ਆਦਿ ਵਿੱਚੋਂ ਕੋਈ ਦੋ ਵਿਸ਼ਿਆਂ ਨਾਲ - 45%
- 10+2 ਆਰਟਸ ਅਤੇ ਸਾਇੰਸ ਵਿਸ਼ੇ ਨਾਲ - 50%

ਵਿਸ਼ੇ :- ਅੰਗਰੇਜ਼ੀ (ਕਮਿਊਨੀਕੇਸ਼ਨ ਸਕਿੱਲ), ਪੰਜਾਬੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਫਾਈਨੈਂਸ਼ਲ ਅਕਾਊਂਟਿੰਗ, ਬਿਜ਼ਨਸ ਲਾਅ-1, ਪ੍ਰਿੰਸੀਪਲ ਆਫ਼ ਇਕਨਾਮਿਕਸ-1, ਕੰਪਿਊਟਰ ਐਪਲੀਕੇਸ਼ਨ ਇਨ ਬਿਜ਼ਨਿਸ।

## ਬੀ.ਐਸ.ਸੀ. ਭਾਗ ਪਹਿਲਾ (ਖੇਤੀਬਾੜੀ) ਸਮੈਸਟਰ-1

A person who has secured at least 50% marks (45% in case of candidate belonging to Scheduled castes/tribes) of the aggregate marks in four compulsory subjects i.e. Chemistry, Physics, Biology/Maths and English taken together of 10+2 pattern or equivalent examination from recognized Board/University shall be eligible to join the first semester of the course.

ਵਿਸ਼ੇ :- ਅੰਗਰੇਜ਼ੀ, ਐਗਰੋਕਲਾਈਮੈਟੋਲੋਜੀ, ਫਲੋਰੀਕਲਚਰ ਅਤੇ ਲੈਂਡ ਸਕੇਪਿੰਗ, ਬਾਇਓ-ਕਮਿਸਟਰੀ,

ਆਪਸ਼ਨਲ-1. ਮੈਥ (ਪੇਪਰ-ਏ), 2. ਬਾਟਨੀ (ਪੇਪਰ-ਏ)

ਨੋਟ : ਵਿਦਿਆਰਥੀਆਂ ਦੇ ਅਸਲ ਸਰਟੀਫਿਕੇਟ ਦਾਖਲੇ ਸਮੇਂ ਚੈੱਕ ਕੀਤੇ ਜਾਂਦੇ ਹਨ ਜੇਕਰ ਕੋਈ ਵਿਦਿਆਰਥੀ ਦਾਖਲੇ ਸਮੇਂ ਅਸਲ ਦਸਤਾਵੇਜ਼ ਪੇਸ਼ ਨਹੀਂ ਕਰਦਾ ਤਾਂ ਉਸਦੀ ਥਾਂ ਮੈਰਿਟ ਵਿਚਲਾ ਅਗਲਾ ਵਿਦਿਆਰਥੀ ਦਾਖਲਾ ਲੈਣ ਦਾ ਹੱਕਦਾਰ ਹੋਵੇਗਾ।

## ਐਮ.ਏ. ਭਾਗ ਪਹਿਲਾ (ਅਰਥ-ਸ਼ਾਸਤਰ) ਸਮੈਸਟਰ-1

ਐਮ.ਏ. ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਗਰੈਜੂਏਸ਼ਨ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

ਵਿਸ਼ੇ:
1. Advanced Micro Economics Analysis
2. Advanced Macro Economics Analysis
3. Basic Quantitative Methods
4. Economics of Growth & Development
5. Economics of Agriculture

## ਐਮ.ਏ. ਭਾਗ ਪਹਿਲਾ (ਪੰਜਾਬੀ) ਸਮੈਸਟਰ-1

ਐਮ.ਏ. ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਗਰੈਜੂਏਸ਼ਨ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

ਵਿਸ਼ੇ:
1. ਪੰਜਾਬੀ ਸਾਹਿਤ ਦਾ ਇਤਿਹਾਸ
2. ਪੰਜਾਬੀ ਨਾਟਕ ਤੇ ਰੰਗ ਮੰਚ
3. ਅਲੋਚਨਾ ਦੇ ਨਿਯਮ
4. ਆਧੁਨਿਕ ਪੰਜਾਬੀ ਕਵਿਤਾ
5. ਪੰਜਾਬੀ ਗਲਪ

## ਐਮ.ਏ. ਭਾਗ ਪਹਿਲਾ (ਅੰਗ੍ਰੇਜ਼ੀ) ਸਮੈਸਟਰ-1

ਐਮ.ਏ. ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਗਰੈਜੂਏਸ਼ਨ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

**(ਸਮੈਸਟਰ-1)**

ਵਿਸ਼ੇ:
1. Medieval and Renaissance Poetry
2. Classical and Elizabethan Drama
3. Rise of the Novel
4. English Phonetics and Phonology

## ਐਮ.ਐਸ.ਸੀ. ਭਾਗ ਪਹਿਲਾ (ਕਮਿਸਟਰੀ) ਸਮੈਸਟਰ-1

ਐਮ.ਏ. ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਗਰੈਜੂਏਸ਼ਨ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

**(ਸਮੈਸਟਰ-1)**

ਵਿਸ਼ੇ:
1. Biology for Non-Medical Students/ Maths for Medical Students.
2. Inorganic Chemistry
3. Organic Chemistry
4. Physical Chemistry
5. Analytical Practicals
6. Inorganic Practicals

**(ਸਮੈਸਟਰ-2)**

ਵਿਸ਼ੇ:
1. Computer Application
2. Physical Chemistry
3. Inorganic Chemistry
4. Inorganic Practicals
5. Organic Chemistry

## ਐਮ.ਐਸ.ਸੀ. (ਕੈਮਿਸਟਰੀ) ਦੇ ਦਾਖਲੇ ਲਈ ਮੈਰਿਟ ਬਣਾਉਣ ਦੀ ਵਿਧੀ

| | | Marks Obtained | Maximum Marks |
|---|---|---|---|
| (a) | Total Marks in the qualifying examination (B.Sc.+I+II+III) (Elective Subjects only) | | |
| (b) | Marks of the qualifying examination in the subject in which admission is sought or collateral / allied subject. | | |
| (c) | Total (a+b) | | |
| (d) | Percentage Marks at (c) above | | 100 |
| (e) | Weightage admissible to NCC, NSS, Youth Activities is 1%, 2% or 3% for A, B and C certificates for Boys and G1, G2 or G3 certificates for Girls respectively, limited to a maximum marks of 6% to this category on marks obtained at (d) above. | | |
| (f) | Grand Total for ascertaining merit for admission (d+e) | | |

**Note : For Admission to M.Sc. Courses there will be no weightage of B.Sc. (Hons.)**

# ਬੀ.ਸੀ.ਏ. ਭਾਗ ਪਹਿਲਾ (ਸਮੈਸਟਰ-1)

ਬੀ.ਸੀ.ਏ ਭਾਗ ਪਹਿਲਾ ਸਮੈਸਟਰ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਪ੍ਰਮਾਣਿਤ ਪੰਜਾਬ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇਗਾ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

ਵਿਸ਼ੇ:
1. General English-I
2. Punjabi Compulsory or Mudla Gyan
3. Fundamentals of Information Technology
4. Programming Fundamentals Using C
5. Software Lab-I
6. Software Lab-II

## ਜ਼ਰੂਰੀ ਨੋਟ

1. **ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਕਾ ਦੀ ਪ੍ਰੀਖਿਆ ਪਾਸ ਕਰਨ ਸਬੰਧੀ।**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੰਡੀਕੇਟ ਦੇ ਫੈਸਲੇ ਅਨੁਸਾਰ ਵਿਗਿਆਨ, ਕਾਮਰਸ, ਡਾਕਟਰੀ, ਇੰਜੀਨੀਅਰਿੰਗ ਅਤੇ ਹੋਰ ਤਕਨੀਕੀ ਵਿਸ਼ਿਆਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਜਿੰਨ੍ਹਾਂ ਨੇ ਪਹਿਲਾਂ ਮੈਟ੍ਰਿਕ ਪੱਧਰ ਤੱਕ ਦੀ ਪੰਜਾਬੀ ਦੀ ਪ੍ਰੀਖਿਆ ਪਾਸ ਨਹੀਂ ਕੀਤੀ, ਉਹਨਾਂ ਲਈ ਆਪਣੇ ਕੋਰਸ ਦੌਰਾਨ, ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਕਾ ਦੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ।

2. **ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੇ ਵਿਸ਼ੇ ਬਾਰੇ।**

**(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪੱਤਰ ਨੰ. 6899-6900 ਕਾਲਜ/ਸ. 1 ਮਿਤੀ : 29-03-2016**

ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਹੀ ਪੜ੍ਹ ਸਕਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਦੇ ਕੇਸ 15-09-2018 ਤੱਕ ਬਿਨਾਂ ਲੇਟ ਫੀਸ ਨਾਲ, 18-09-2018 ਤੋਂ 31-10-2018 ਤੱਕ 5000/- ਲੇਟ ਫੀਸ ਨਾਲ ਹੀ ਵਿਚਾਰੇ ਜਾਣਗੇ। ਅਜਿਹੇ ਕੇਸ ਮੁਕੰਮਲ ਦਸਤਾਵੇਜ਼ਾਂ ਸਹਿਤ) ਲੋੜੀਂਦੇ ਸਰਟੀਫਿਕੇਟ ਅਤੇ ਅਸਲ ਹਲਫੀਆ ਬਿਆਨ ਆਦਿ ਸਮੇਤ) ਯੂਨੀਵਰਸਿਟੀ ਨੂੰ ਭੇਜੇ ਜਾਣਗੇ :-

1. ਜਿੰਨ੍ਹਾਂ ਵਿਦਿਆਰਥੀਆਂ ਨੇ ਦਸਵੀਂ /10+2 ਕਲਾਸ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ ਅਤੇ ਪੰਜਾਬੀ ਦਾ ਵਿਸ਼ਾ ਨਾ ਪੜ੍ਹਿਆ ਹੋਵੇ।
2. ਡਿਫੈਂਸ ਪਰਸੋਨਲ/ਪੈਰਾ-ਮਿਲਟਰੀ ਪਰਸੋਨਲ (ਸੇਵਾ-ਮੁਕਤੀ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਜਾਂ ਗਾਰਡੀਅਨ ਵੀ ਸਵੈ-ਘੋਸ਼ਣਾ ਤੇ ਕੇਵਲ ਆਰਮੀ ਵਿੱਚ ਹੋਣ ਜਾਂ ਰਿਟਾਇਰਡ ਹੋਣ ਦਾ ਸਬੂਤ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।

## ਬੀ.ਐਸ.ਸੀ. (ਮੈਡੀਕਲ/ਨਾਨ ਮੈਡੀਕਲ)/ਬੀ.ਕਾਮ. ਭਾਗ ਦੂਜਾ ਅਤੇ ਤੀਜਾ/ ਬੀ.ਸੀ.ਏ. ਭਾਗ ਦੂਜਾ ਅਤੇ ਤੀਜਾ/ਬੀ.ਏ. ਭਾਗ ਦੂਜਾ ਅਤੇ ਤੀਜਾ ਸਮੈਸਟਰ ਪ੍ਰਣਾਲੀ

To quality for admission to 2nd year of the course, the candidate must have passed 50% of total papers of the two semesters of the 1st Year. Similarly, to quality for admission to 3rd year of the course, the candidate should have passed 50% of total papers of four semesters of the earlier two years.

ਵਿਸ਼ੇ :- ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿਲੇਬਸ ਅਨੁਸਾਰ ਹੋਣਗੇ।

# ਬੀ.ਐਸ.ਸੀ. ਐਗਰੀਕਲਚਰ ਭਾਗ ਦੂਜਾ, ਤੀਜਾ ਅਤੇ ਚੌਥਾ

A candidate who has passed the previous semester of B.Sc. Agriculture class will be eligible to joint next semester. A candidate, who has failed in not more than two theory papers and two laboratory (Practical) papers in the regular examination of the semester may appear in such papers in the next supplementary examination along with the regular examination of next semester. In cases he/she fails again in the above said reappear examination, he/she shall be provisionally promoted to next semester and allowed to appear for these papers along with the regular examination of the semester to which the candidate was provisionally promoted.

A candidate, who has failed in not more than two theory papers and two practical papers shall appear only in these paper in subsequent examination held thereafter. Moreover, a candidate who has failed in more than two theory papers and two practical papers shall be declared fail and will appear in all theory and practical papers in the subsequent of the semester.

Candidate is required to pass all the theory and practical papers of B.Sc. Agriculture Semester First examination in order to promoted to semester sixth. Similar conditions will be applicable for subsequent semesters. Similarly candidate who has passed completely (all theory and practical papers) of semester Two/Three/Four and Five shall be promoted and allowed to attend classes of B.Sc. Agriculture semester Five/Six/Seven and Eight respectively.

ਨੋਟ : ਬੀ.ਐਸ.ਸੀ. ਐਗਰੀਕਲਚਰ ਭਾਗ ਚੌਥਾ (ਸਮੈਸਟਰ 7ਵਾਂ) ਦੇ ਵਿਦਿਆਰਥੀਆਂ ਨੂੰ ਉਹੀ ਚੋਣਵਾਂ ਵਿਸ਼ਾ ਲੈਣਾ ਹੋਵੇਗਾ ਜਿਸ ਵਿਸ਼ੇ ਦਾ ਅਧਿਆਪਕ ਕਾਲਜ ਕੋਲ ਉਪਲਬਧ ਹੋਣਗੇ।।

ਵਿਸ਼ੇ :- ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿਲੇਬਸ ਅਨੁਸਾਰ ਹੋਣਗੇ।

## ਐਮ.ਏ. (ਅਰਥ-ਸ਼ਾਸਤਰ) ਭਾਗ ਦੂਜਾ (ਸਮੈਸਟਰ 3 ਅਤੇ 4)

To qualify for admission to 2nd year of the course, the candidate must have passed 50% of the total papers of two semesters of the 1st year.

ਵਿਸ਼ੇ : 1. Political Economy of Development 2. Evolution and Structure of Indian Economy 3. Public Economics 4. International Economics 5. Money & Banking

## ਐਮ.ਏ. (ਪੰਜਾਬੀ) ਭਾਗ ਦੂਜਾ (ਸਮੈਸਟਰ 3 ਅਤੇ 4)

To qualify for admission to 2nd year of the course, the candidate must have passed 50% of the total papers of two semesters of the 1st year.

ਵਿਸ਼ੇ : 1. ਭਾਸ਼ਾ ਤੇ ਭਾਸ਼ਾ ਵਿਗਿਆਨ 2. ਗੁਰਮਤਿ ਕਾਵਿ 3. ਸੂਫ਼ੀ ਕਿੱਸਾ ਤੇ ਬੀਰ ਕਾਵਿ 4. ਪੰਜਾਬੀ ਵਾਰਤਕ 5. ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ

## ਐਮ.ਏ. (ਅੰਗ੍ਰੇਜ਼ੀ) ਭਾਗ ਦੂਜਾ (ਸਮੈਸਟਰ 3 ਅਤੇ 4)

To qualify for admission to 2nd year of the course, the candidate must have passed 50% of the total papers of two semesters of the 1st year.

ਸਮੈਸਟਰ -3
1. Literature and Modernity
2. Twentieth Century Poetry and Fiction
3. Modern Indian Literature in Translation
4. Literature and Postcoloniality

ਸਮੈਸਟਰ -4
1. Literacy and Cultural Theory
2. Indian Writing in English
3. American Literature
4. Language and Linguistics

## ਐਮ.ਐਸ.ਸੀ. (ਕੈਮਿਸਟਰੀ) ਭਾਗ ਦੂਜਾ (ਸਮੈਸਟਰ 3 ਅਤੇ 4)

To qualify for admission to 2nd year of the course, the candidate must have passed 50% of the total papers of two semesters of the 1st year.

ਇਸ ਕਲਾਸ ਵਿੱਚ ਤਿੰਨ ਸਪੈਸ਼ਲਾਈਜੇਸ਼ਨਜ਼ (Specialization) ਪੜ੍ਹਾਈਆਂ ਜਾਣਗੀਆਂ ਜੋ ਕਿ ਮੈਰਿਟ ਦੇ ਆਧਾਰ 'ਤੇ ਦਿੱਤੀਆਂ ਜਾਣਗੀਆਂ ਅਤੇ ਹਰ ਇੱਕ ਸਪੈਸ਼ਲਾਈਜੇਸ਼ਨਜ਼ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਰਾਬਰ ਹੋਵੇਗੀ।

Specialization :- 1. Organic 2. Inorganic 3. Physical

ਕੁਆਲੀਫਾਇੰਗ ਵਿਸ਼ੇ :–

1. ਵਾਤਾਵਰਣ ਅਤੇ ਸੜਕ ਸੁਰੱਖਿਆ ਜਾਗਰੂਕਤਾ ਵਿਸ਼ਾ :– ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਇਸ ਵਿਸ਼ੇ ਦੀ ਪ੍ਰੀਖਿਆ ਅੰਡਰ ਗਰੈਜੂਏਟ ਪੱਧਰ ਦੇ ਕੋਰਸਾਂ ਦੇ ਦੂਜੇ ਸਾਲ ਸਮੈਸਟਰ 4 ਵਿੱਚ ਲਈ ਜਾਇਆ ਕਰੇਗੀ।

(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਡਿਪਟੀ ਰਜਿਸਟਰਾਰ (ਮੀਟਿੰਗਜ਼) ਦਾ ਪੱਤਰ ਨੰ. 1505-1615 ਮਿਤੀ : 05-03-2010)

2. Drug Abuse Problem Management and Prevention ਵਿਸ਼ਾ :- ਇਹ ਵਿਸ਼ਾ ਅੰਡਰ ਗਰੈਜੂਏਟ ਪੱਧਰ ਤੇ ਭਾਗ ਪਹਿਲਾ (ਸਮੈਸਟਰ ਦੂਜਾ) ਵਿੱਚ ਕੁਆਲੀਫਾਇੰਗ ਵਿਸ਼ਾ ਲਾਗੂ ਕੀਤਾ ਗਿਆ ਹੈ।

(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ ਨੰ. 13845-14133/ਸਮ-6 ਮਿਤੀ : 12-10-2016)

# ਕਾਲਜ ਅਨੁਸ਼ਾਸਨ ਸਬੰਧੀ ਨਿਯਮ/ਚਿਤਾਵਨੀਆਂ

1. ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਪ੍ਰਿੰਸੀਪਲ ਨੂੰ ਅਨੁਸ਼ਾਸਨੀ ਕਾਰਵਾਈ ਕਰਨ ਦਾ ਪੂਰਨ ਅਧਿਕਾਰ ਹੈ।
2. ਪ੍ਰਿੰਸੀਪਲ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਵਿੱਚ ਕਿਸੇ ਵੀ ਸੰਗਠਨ ਵੱਲੋਂ ਪੋਸਟਰ ਲਗਾਉਣਾ ਜਾਂ ਕੋਈ ਵੀ ਮੀਟਿੰਗ ਕਰਨਾ ਸਖਤ ਮਨ੍ਹਾਂ ਹੈ। ਬਿਨਾਂ ਆਗਿਆ ਕਿਸੇ ਵੀ ਬਾਹਰਲੇ ਵਿਅਕਤੀ ਦੁਆਰਾ ਕਾਲਜ ਵਿੱਚ ਕੋਈ ਮੀਟਿੰਗ ਨਹੀਂ ਕੀਤੀ ਜਾ ਸਕਦੀ। ਅਜਿਹਾ ਕਰਨ ਵਾਲੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
3. ਬਾਹਰਲੇ ਕਿਸੇ ਵਿਅਕਤੀ ਜਾਂ ਵਿਦਿਆਰਥੀ ਨੂੰ ਕਾਲਜ ਵਿੱਚ ਨਾਲ ਲੈ ਕੇ ਆਉਣਾ ਸਖਤ ਮਨਾਂ ਹੈ। ਜਿੰਨ੍ਹਾਂ ਵਿਦਿਆਰਥੀਆਂ ਦੇ ਮਾਪੇ ਲੋਕਲ ਨਹੀਂ ਰਹਿੰਦੇ ਉਨ੍ਹਾਂ ਦੇ ਗਾਰਡੀਅਨ ਜ਼ਿੰਮੇਵਾਰ ਵਿਅਕਤੀ ਹੋਣ ਨਾਂ ਕਿ ਉਨ੍ਹਾਂ ਦੇ ਛੋਟੇ ਭੈਣ-ਭਰਾ ਜਾਂ ਮਿੱਤਰ।
4. ਰੋਜ਼ਾਨਾ ਹਾਜ਼ਰੀ ਤੋਂ ਭਾਵ ਟਾਈਮ ਟੇਬਲ ਅਨੁਸਾਰ ਦਿਨ ਦੇ ਸਾਰੇ ਪੀਰੀਅਡਾਂ ਦੀ ਹਾਜ਼ਰੀ ਲਾਜ਼ਮੀ ਹੈ। ਕਿਸੇ ਵਿਸ਼ੇਸ਼ ਮੌਕੇ ਲਈ ਗੈਰ ਹਾਜ਼ਰ ਵਿਦਿਆਰਥੀ ਨਿਯਮਾਂ ਅਨੁਸਾਰ ਜੁਰਮਾਨਾ ਭਰਨਗੇ।
5. ਵਿੱਦਿਅਕ ਅਤੇ ਸਭਿਆਚਾਰਕ ਵਿਸ਼ਿਆਂ ਆਦਿ ਉੱਤੇ ਪ੍ਰਿੰਸੀਪਲ, ਅਧਿਆਪਕ ਜਾਂ ਪ੍ਰਸਿੱਧ ਵਿਅਕਤੀਆਂ ਵੱਲੋਂ ਦਿੱਤੇ ਜਾਂਦੇ ਵਿਸ਼ੇਸ਼ ਭਾਸ਼ਨਾਂ ਤੇ ਵਿਦਿਆਰਥੀ ਲਈ ਹਾਜ਼ਰ ਹੋਣਾ ਜਰੂਰੀ ਹੈ।
6. ਵਿਦਿਆਰਥੀਆਂ ਲਈ ਪ੍ਰਵਾਨਿਤ ਪਾਰਕਾਂ ਜਾਂ ਸਥਾਨਾਂ ਤੇ ਹੀ ਰਹਿਣਾ ਜਰੂਰੀ ਹੈ। "ਸੰਜੀਵਨੀ ਹਾਲ" ਲੜਕੀਆਂ ਲਈ ਰਾਖਵਾਂ ਹੈ। ਸੋ ਲੜਕਿਆਂ ਲਈ ਸਧਾਰਨ ਤੌਰ ਤੇ ਇਸ ਵਿੱਚ ਜਾਣਾ ਵਰਜਿਤ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
7 ਪ੍ਰਿੰਸੀਪਲ ਸਾਹਿਬ ਪਾਸ ਸਾਰੀਆਂ ਅਰਜ਼ੀਆਂ ਪੰਜਾਬੀ ਭਾਸ਼ਾ ਵਿੱਚ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।
8. ਵਿਦਿਆਰਥੀਆਂ ਨੂੰ ਚਾਹੀਦੀ ਹੈ ਕਿ ਕਾਲਜ ਕੈਂਪਸ ਨੂੰ ਸਾਫ ਰੱਖਣ। ਕਿਤੇ ਵੀ ਕੁਝ ਲਿਖਣਾ, ਨਿਸ਼ਾਨ ਲਾਉਣੇ ਜਾਂ ਇਸ਼ਤਿਹਾਰ ਲਗਾਉਣੇ ਮਨ੍ਹਾਂ ਹਨ। ਪਾਰਕਾਂ ਵਿੱਚੋਂ ਫੁੱਲ-ਬੂਟੇ ਤੋੜਨਾ ਸਖਤ ਮਨ੍ਹਾਂ ਹੈ ਅਤੇ ਕਾਲਜ ਕੈਂਪਸ ਨੂੰ ਖਰਾਬ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਕੀਤਾ ਜਾ ਸਕਦਾ ਹੈ।
9. ਸਰਕਾਰੀ ਜਾਇਦਾਦ ਜਿਵੇਂ ਕਿ ਡੈਸਕ, ਕੁਰਸੀਆਂ, ਬੈਂਚ, ਖਿੜਕੀਆਂ ਅਤੇ ਖਿੜਕੀਆਂ ਦੇ ਸ਼ੀਸ਼ੇ, ਪੱਖੇ, ਬਲੈਕ-ਬੋਰਡ ਆਦਿ ਤੋੜਨ ਵਾਲੇ ਨੂੰ ਖਰਾਬ ਵਸਤੂ ਖਰੀਦ ਕੇ ਦੇਣੀ ਪਵੇਗੀ ਅਤੇ ਸਪੈਸ਼ਲ ਜੁਰਮਾਨਾ ਵੀ ਹੋਵੇਗਾ।
10. ਪ੍ਰਿੰਸੀਪਲ ਪਾਸ ਯੋਗ ਢੰਗ ਨਾਲ ਆਪਣੀਆਂ ਮੁਸ਼ਕਲਾਂ ਦੱਸਣ ਦੀ ਵਿਦਿਆਰਥੀ ਨੂੰ ਖੁੱਲ੍ਹ ਹੈ। ਵਿਦਿਆਰਥੀ ਡੀਨ ਸਟੂਡੈਂਟ ਵੈਲਫੇਅਰ ਪ੍ਰੋ. ਪ੍ਰੀਤਮ ਸਿੰਘ ਭੰਗੂ ਨਾਲ ਵੀ ਆਪਣੀ ਮੁਸ਼ਕਲਾਂ ਸਬੰਧੀ ਸੰਪਰਕ ਕਰ ਸਕਦੇ ਹਨ।
11. ਕਾਲਜ ਵਿੱਚ ਦਾਖਲ ਹੋਣ ਸਮੇਂ ਹਰ ਵਿਦਿਆਰਥੀ ਲਈ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਾ ਜਰੂਰੀ ਹੈ। ਇਸ ਤੋਂ ਬਿਨਾਂ ਕਾਲਜ ਵਿੱਚ ਦਾਖਲ ਹੋਣਾ ਮਨ੍ਹਾਂ ਹੈ। ਇਹ ਸ਼ਨਾਖਤੀ ਕਾਰਡ ਕਾਲਜ ਦੇ ਜ਼ਿੰਮੇਵਾਰ ਅਧਿਕਾਰੀ ਦੇ ਪੁੱਛਣ ਤੇ ਵਿਖਾਉਣਾ ਲਾਜ਼ਮੀ ਹੈ।
12. ਕਾਲਜ ਕੈਂਪਸ ਵਿੱਚ ਸਿਗਰਟ , ਸ਼ਰਾਬ ਪੀਣਾ ਜਾਂ ਕਿਸੇ ਹੋਰ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਨ, ਤਾਸ਼ ਅਤੇ ਜੂਆ ਖੇਡਣ ਦੀ ਸਖਤ ਮਨਾਹੀ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
13. ਕਾਲਜ ਵਿੱਚ ਰੈਗਿੰਗ ਕਰਨ ਦੀ ਸਖ਼ਤ ਮਨਾਹੀ ਹੈ। ਕਾਲਜ ਵਿੱਚ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਸਖਤ ਕਾਨੂੰਨੀ ਅਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸਨੂੰ ਕਾਲਜ ਵਿਚੋਂ ਕੱਢ ਦਿੱਤਾ ਜਾਵੇਗਾ।
14. ਕਾਲਜ ਵਿੱਚ ਮੋਬਾਇਲ ਫੋਨ ਦੀ ਵਰਤੋਂ ਬਾਰੇ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਮੋਬਾਇਲ ਵੀ ਜ਼ਬਤ ਕੀਤਾ ਜਾ ਸਕਦਾ ਹੈ।
15. ਕਾਲਜ ਵਿੱਚ ਪਟਕਾ ਬੰਨ ਕੇ ਆਉਣ ਦੀ ਸਖਤ ਮਨਾਹੀ ਹੈ। ਜਿਹੜਾ ਵਿਦਿਆਰਥੀ ਅਜਿਹੇ ਪਹਿਰਾਵੇ ਵਿੱਚ ਪਾਇਆ ਗਿਆ ਉਸਨੂੰ ਅਨੁਸ਼ਾਸਨੀ ਕਾਰਵਾਈ ਅਧੀਨ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਦੂਸਰੀ ਵਾਰ ਅਜਿਹਾ ਕਰਨ 'ਤੇ ਕਾਲਜ ਵਿੱਚੋਂ ਸਸਪੈਂਡ ਵੀ ਕੀਤਾ ਜਾ ਸਕਦਾ ਹੈ।
16. ਸਾਈਕਲ, ਸਕੂਟਰ, ਮੋਟਰ-ਸਾਈਕਲ ਨਿਸ਼ਚਿਤ ਸਾਈਕਲ ਸਟੈਂਡ ਤੇ ਹੀ ਖੜ੍ਹੇ ਕੀਤੇ ਜਾਣ। ਇਹਨਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।

17. ਖੇਡ ਦੇ ਮੈਦਾਨ ਵਿੱਚ ਕੋਈ ਵੀ ਵਹੀਕਲ ਚਲਾਉਣਾ ਜਾਂ ਖੜ੍ਹਾ ਕਰਨਾ ਮਨ੍ਹਾਂ ਹੈ।
18. ਕਾਲਜ ਪ੍ਰਤੀ ਕਿਸੇ ਕਿਸਮ ਦਾ ਸੁਝਾਓ ਜਾਂ ਸ਼ਿਕਾਇਤ ਪ੍ਰਿੰਸੀਪਲ ਦਫਤਰ ਦੇ ਬਾਹਰ ਲੱਗੇ ਸੁਝਾਓ ਬਕਸੇ ਵਿੱਚ ਲਿਖਤੀ ਰੂਪ ਵਿੱਚ ਕੀਤੀ ਜਾ ਸਕਦੀ ਹੈ। ਇਹ ਬਕਸਾ ਕੇਵਲ ਪ੍ਰਿੰਸੀਪਲ ਰਾਹੀਂ ਹਰ ਹਫਤੇ ਖੋਲ੍ਹਿਆ ਜਾਂਦਾ ਹੈ।
19. ਕਿਸੇ ਵਿਦਿਆਰਥੀ ਦੀ ਕਿਸੇ ਹਰਕਤ ਨੂੰ ਦੁਰ ਵਿਵਹਾਰ ਜਾਂ ਅਨੁਸ਼ਾਸਨ ਵਿਰੁੱਧ ਕਰਾਰ ਦੇਣ ਦਾ ਅੰਤਿਮ ਅਧਿਕਾਰ ਪ੍ਰਿੰਸੀਪਲ ਸਾਹਿਬ ਦੇ ਹੱਥ ਵਿੱਚ ਹੈ। ਅਜਿਹੇ ਕਸੂਰ ਦੇ ਬਦਲੇ ਪ੍ਰਿੰਸੀਪਲ, ਵਿਦਿਆਰਥੀ ਨੂੰ ਜੁਰਮਾਨਾ/ਕਾਲਜ ਤੋਂ ਕੱਢਣ/ਬਲੈਕ ਲਿਸਟ ਕਰ ਸਕਦੇ ਹਨ।

## ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਕੁੱਝ ਜ਼ਰੂਰੀ ਹਦਾਇਤਾਂ

ਵੱਖ-ਵੱਖ ਕੋਰਸਾਂ ਵਿੱਚ ਦਾਖਲੇ ਦੀਆਂ ਪਾਤਰਤਾ ਸ਼ਰਤਾਂ ਉਹੀ ਹਨ ਜੋ ਕਿ ਸੰਬੰਧਿਤ ਕੋਰਸ ਦੇ ਯੂਨੀਵਰਸਿਟੀ ਦੇ ਅਧਿਆਦੇਸ਼ਾਂ ਰਾਹੀਂ ਨਿਰਧਾਰਿਤ ਕੀਤੀਆਂ ਗਈਆਂ ਹਨ।

1. ਸੈਸ਼ਨ 2018-19 ਤੋਂ ਸਲਾਨਾ ਸਮੈਸਟਰ ਪ੍ਰਣਾਲੀ ਅਧੀਨ ਵੱਖ-ਵੱਖ ਕੋਰਸਾਂ ਵਿੱਚ ਪੁਨਰ ਮੁਲਾਂਕਣ ਦੇ ਆਧਾਰ ਤੇ ਅਗਲੀ ਕਲਾਸ ਵਿੱਚ ਦਾਖਲਾ 15 ਦਿਨਾਂ ਦੇ ਅੰਦਰ-ਅੰਦਰ ਕਰਨ ਦੀ ਸੁਵਿਧਾ ਸਮੈਸਟਰ ਪ੍ਰਣਾਲੀ ਅਧੀਨ 14-09-2018 ਅਤੇ ਸਲਾਨਾ ਪ੍ਰਣਾਲੀ ਅਧੀਨ 30-11-2018 ਹੋਵੇਗੀ। ਇਸ ਉਪਰੰਤ ਪੁਨਰ ਮੁਲਾਂਕਣ ਦੇ ਅਧਾਰ ਤੇ ਵੱਖ-ਵੱਖ ਕੋਰਸਾਂ (ਸਮੈਸਟਰ/ਸਲਾਨਾ ਪ੍ਰਣਾਲੀ) ਦੇ ਲੇਟ ਘੋਸ਼ਿਤ ਨਤੀਜੇ ਦੀ ਸੂਰਤ ਵਿੱਚ ਕੋਈ ਕੇਸ ਨਹੀਂ ਵਿਚਾਰਿਆ ਜਾਵੇਗਾ। ਅਜਿਹੇ ਕੇਸਾਂ ਵਿੱਚ ਰਜਿਸਟ੍ਰੇਸ਼ਨ ਰਿਟਰਨ/ਪ੍ਰੀਖਿਆ ਫਾਰਮ ਦਾਖਲੇ ਦੀ ਮਿਤੀ ਤੋਂ 5 ਦਿਨਾਂ ਦੇ ਅੰਦਰ-ਅੰਦਰ ਬਿਨਾਂ ਲੇਟ ਫੀਸ ਅਤੇ ਇਸ ਉਪਰੰਤ ਬਣਦੀ ਲੇਟ ਫੀਸ ਨਾਲ ਭਰਨ ਦੀ ਪ੍ਰਵਾਨਗੀ ਹੋਵੇਗੀ।
2. ਜਿਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀਆਂ ਹਨ, ਉਨ੍ਹਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫਿਕੇਟ (Eligibility Certificate) ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼, ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ ਬੋਰਡਾਂ ਤੋਂ ਪਾਸ ਵਿਦਿਆਰਥੀਆਂ ਨੂੰ ਇਸ ਸਰਟੀਫਿਕੇਟ ਦੀ ਲੋੜ ਨਹੀਂ।
3. ਨਿਯਮਾਂ ਅਨੁਸਾਰ ਪੁਨਰ ਮੁਲਾਂਕਣ ਉਪਰੰਤ ਲੇਟ ਦਾਖਲੇ ਦੀ ਸੁਵਿਧਾ ਹੈ, ਪਰ ਸ਼ਰਤ ਇਹ ਹੈ ਕਿ ਸੀਟਾਂ ਖਾਲੀ ਹੋਣ।
4. ਜਿਹੜੇ ਵਿਦਿਆਰਥੀ ਬੀ.ਏ./ਬੀ.ਐਸ.ਸੀ./ਬੀ.ਕਾਮ-ਭਾਗ ਪਹਿਲਾ ਅਤੇ ਦੂਜੇ ਦੀ ਪ੍ਰੀਖਿਆ ਬਾਹਰਲੀਆਂ ਯੂਨੀਵਰਸਿਟੀ ਤੋਂ ਪਾਸ ਕਰਕੇ ਇਸ ਯੂਨੀਵਰਸਿਟੀ ਵਿੱਚ ਦਾਖਲਾ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫਿਸਿਟ ਪਰਚੇ ਦੇ ਕੇਸ 15-09-2018 ਤੱਕ ਬਿਨਾਂ ਲੇਟ ਫੀਸ ਅਤੇ ਉਸ ਤੋਂ ਬਾਅਦ ਬਣਦੀ ਲੇਟ ਫੀਸ ਨਾਲ ਡੀਨ, ਕਾਲਜ ਵਿਕਾਸ ਕੌਂਸਲ ਦੇ ਦਫਤਰ ਵਿਖੇ ਪਹੁੰਚਦੇ ਕੀਤੇ ਜਾਣਗੇ।
5. ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਅਤੇ ਫੰਡਾਂ ਸਬੰਧੀ ਨਿਯਮਾਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬ ਸਰਕਾਰ ਵੱਲੋਂ ਸਮੇਂ ਸਿਰ ਕੀਤੀਆਂ ਤਬਦੀਲੀਆਂ ਲਾਗੂ ਹੋਣਗੀਆਂ।
6. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ-ਪੱਤਰ ਦੇਣਾ ਪਵੇਗਾ।
7. ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰ. 3681-3826/ਕਾਲਜ/ਸ-4 ਮਿਤੀ 18-04-2012 ਅਨੁਸਾਰ ਬੋਰਡ ਆਫ ਹਾਇਰ ਸੈਕੰਡਰੀ ਐਜੂਕੇਸ਼ਨ, ਦਿੱਲੀ ਤੋਂ 10+2 ਪਾਸ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
8. ਸੈਸ਼ਨ 2018-19 ਤੋਂ 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲੇ ਦੀ ਸੁਵਿਧਾ ਨਹੀਂ ਹੋਵੇਗੀ। ਪ੍ਰੰਤੂ ਨਿਰਧਾਰਿਤ ਮਿਤੀਆਂ ਦੌਰਾਨ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਅਨੁਸਾਰ ਦਾਖਲਾ ਦਿੱਤਾ ਜਾ ਸਕਦਾ ਹੈ ਪ੍ਰੰਤੂ ਇਸ ਦੀ ਪ੍ਰਵਾਨਗੀ ਨਿਰਧਾਰਤ ਮਿਤੀਆਂ ਅਨੁਸਾਰ ਸਬੰਧਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵੇਗੀ।

(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ ਨੰ. 2427/ਕਾਲਜਾਂ/ਸ.-1/ਮਿਤੀ 20/4/2018)

## ਸੈਸ਼ਨ : 2018-19 ਦੇ ਦਾਖਲੇ ਸਬੰਧੀ ਜਨਰਲ ਤੇ ਜ਼ਰੂਰੀ ਹਦਾਇਤਾਂ

1. ਇੰਟਰਵਿਊ ਵਾਲੇ ਦਿਨ ਵਿਦਿਆਰਥੀਆਂ ਦੀ ਹਾਜ਼ਰੀ 9.30 ਵਜੇ ਸਵੇਰੇ ਲਗਾਈ ਜਾਵੇਗੀ। ਲੇਟ ਆਉਣ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਲਈ ਨਹੀਂ ਵਿਚਾਰਿਆ ਜਾਵੇਗਾ। ਵਿਦਿਆਰਥੀਆਂ ਨੂੰ ਖੁਦ ਦਾਖਲਾ ਕਮੇਟੀ ਦੇ ਸਾਹਮਣੇ ਮਿੱਥੀ ਹੋਈ ਮਿਤੀ ਨੂੰ ਅਸਲ ਸਰਟੀਫਿਕੇਟ ਲੈ ਕੇ ਇੰਟਰਵਿਊ ਲਈ ਹਾਜ਼ਰ ਹੋਣਾ ਪਵੇਗਾ।
2. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਫਾਰਮ ਵਿੱਚ ਲੜਕੇ ਅਤੇ ਲੜਕੀਆਂ ਲਈ 3 ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਲਗਾਉਣਾ ਜ਼ਰੂਰੀ ਹੈ। ਇਹ ਫੋਟੋਆਂ ਇੱਕੋ ਹੀ ਨੈਗੇਟਿਵ ਤੋਂ ਤਿਆਰ (ਨਾਮ ਵਾਲੀਆਂ) ਹੋਣੀਆਂ

ਚਾਹੀਦੀਆਂ ਹਨ।

3. ਅਧੂਰਾ ਫਾਰਮ ਜਾਂ ਨਿਸ਼ਚਿਤ ਮਿਤੀ ਤੋਂ ਬਾਅਦ ਦਾਖਲਾ ਫਾਰਮ ਪ੍ਰਾਪਤ ਨਹੀਂ ਕੀਤਾ ਜਾਵੇਗਾ।
4. ਯੂਨੀਵਰਸਿਟੀ/ਬੋਰਡ ਪ੍ਰੀਖਿਆ ਵਿੱਚ ਫੇਲ ਹੋਏ/ਰਿਵਰਟ ਹੋਏ ਵਿਦਿਆਰਥੀਆਂ, ਪ੍ਰੀਖਿਆ ਵਿੱਚ ਗੈਰ-ਹਾਜ਼ਰ, ਪ੍ਰੀਖਿਆ ਵਿੱਚ ਪਰਚੇ ਛੱਡ ਜਾਣ ਵਾਲੇ, ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਅਤੇ ਯੂਨੀਵਰਸਿਟੀ ਵੱਲੋਂ ਲਗਾਈਆਂ ਕੰਡੀਸ਼ਨਾਂ ਨਾ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
5. ਕਾਲਜ ਵਿੱਚ ਪਹਿਲਾਂ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ (ਭਾਗ-ਦੂਜਾ ਜਾਂ ਤੀਜਾ) ਵਿੱਚ ਦਾਖਲਾ, ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਪਹਿਲ ਦੇ ਆਧਾਰ ਤੇ ਹੀ ਦਿੱਤਾ ਜਾਵੇਗਾ।
6. ਸੀਟਾਂ ਭਰ ਜਾਣ ਉਪਰੰਤ ਲੇਟ ਆਏ ਉਮੀਦਵਾਰ ਦਾ ਦਾਖਲੇ ਲਈ ਜਤਲਾਇਆ ਕੋਈ ਹੱਕ ਨਹੀਂ ਮੰਨਿਆ ਜਾ ਸਕੇਗਾ ਭਾਵੇਂ ਉਸ ਦੀ ਮੈਰਿਟ ਪਹਿਲਾਂ ਦਾਖਲ ਹੋਏ ਵਿਦਿਆਰਥੀਆਂ ਨਾਲੋਂ ਵਧੇਰੇ ਹੀ ਕਿਉਂ ਨਾ ਹੋਵੇ।
7. ਸਰੀਰਕ ਸਿੱਖਿਆ ਦਾ ਵਿਸ਼ਾ ਦਾਖਲ ਹੋਏ ਉਨ੍ਹਾਂ ਵਿਦਿਆਰਥੀਆਂ ਨੂੰ ਮਿਲੇਗਾ ਜਿਹੜੇ ਸਰੀਰਕ ਸਿੱਖਿਆ ਦੇ ਟੈਸਟ ਵਿੱਚ ਯੋਗ ਪਾਏ ਜਾਣਗੇ।
8. ਇੱਕ ਵਿਸ਼ੇ ਦੀਆਂ ਸੀਟਾਂ ਪੂਰੀਆਂ ਹੋ ਜਾਣ ਤੇ ਉਸ ਵਿਸ਼ੇ ਦੀ ਥਾਂ ਦੂਜਾ ਵਿਸ਼ਾ ਲੈਣ ਤੇ ਹੀ ਦਾਖਲਾ ਮਿਲ ਸਕੇਗਾ। ਬਾਅਦ ਵਿੱਚ ਅਜਿਹਾ ਵਿਸ਼ਾ ਲੈਣ ਵਾਲੇ ਵਿਦਿਆਰਥੀ ਦਾ ਵਿਸ਼ਾ ਬਦਲਿਆ ਨਹੀਂ ਜਾਵੇਗਾ।
9. ਵਿਦਿਆਰਥੀਆਂ ਨੂੰ ਫੀਸ ਦਾਖਲਾ ਹੋਣ ਤੋਂ ਤੁਰੰਤ ਬਾਅਦ ਉਸੇ ਦਿਨ 2.00 ਵਜੇ ਤੱਕ ਜਮ੍ਹਾਂ ਕਰਵਾਉਣੀ ਪਵੇਗੀ। ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਫੀਸ ਲੋੜ ਅਨੁਸਾਰ ਹੀ ਲੈ ਕੇ ਆਉਣ। ਸਮੇਂ ਸਿਰ ਫੀਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਉਸਦੀ ਸੀਟ ਵੇਟਿੰਗ ਲਿਸਟ ਵਾਲੇ ਵਿਦਿਆਰਥੀ ਨੂੰ ਦੇ ਦਿੱਤੀ ਜਾਵੇਗੀ।
10. ਕਾਲਜ ਵਿੱਚ ਵੱਖ-ਵੱਖ ਕਲਾਸਾਂ ਦੇ ਪਹਿਲੇ ਸਮੈਸਟਰ ਦੇ ਦਾਖਲੇ ਲਈ ਇੱਕ ਸਾਲ ਦੇ ਗੈਪ ਵਾਲੇ ਵਿਦਿਆਰਥੀਆਂ ਨੂੰ ਗੈਪ ਦਾ ਉਚਿਤ ਕਾਰਨ ਹੋਣ ਤੇ ਵਿਚਾਰਿਆ ਜਾ ਸਕਦਾ ਹੈ।
11. ਕਾਲਜ ਦੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਦਾਖਲੇ ਜਾਂ ਮੁੜ-ਦਾਖਲੇ ਤੋਂ ਨਾਂਹ ਕੀਤੀ ਜਾ ਸਕਦੀ ਹੈ। ਕਿਸੇ ਵੀ ਗੁੰਝਲਦਾਰ ਕੇਸ ਵਿੱਚ ਪ੍ਰਿੰਸੀਪਲ ਸਾਹਿਬ ਦਾ ਫੈਸਲਾ ਅੰਤਿਮ ਹੋਵੇਗਾ।
12. ਹਰ ਦਾਖਲ ਹੋ ਚੁੱਕੇ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਅਤੇ ਅਨੁਸ਼ਾਸਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਪ੍ਰਿੰਸੀਪਲ ਵੱਲੋਂ ਕਿਸੇ ਵੀ ਸਮੇਂ ਖਾਰਜ ਕੀਤਾ ਜਾ ਸਕਦਾ ਹੈ।
13. ਸਾਰੀਆਂ ਐਂਟਰੀ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਤੇ ਸੀਟਾਂ ਦੀ ਗਿਣਤੀ ਅਨੁਸਾਰ ਕੀਤਾ ਜਾਵੇਗਾ।
14. ਹਰ ਦਾਖਲਾ ਲੈਣ ਵਾਲੇ ਉਮੀਦਵਾਰ ਨੂੰ ਚਾਹੀਦਾ ਹੈ ਕਿ ਉਹ ਆਪਣਾ ਦਾਖਲਾ ਫਾਰਮ ਦੱਸੇ ਗਏ ਸਬੰਧਤ ਕਰਮਚਾਰੀ ਕੋਲ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾ ਕੇ ਰਸੀਦ ਲਵੇ। ਇਸ ਮਿਤੀ ਤੋਂ ਬਾਅਦ ਕੋਈ ਫਾਰਮ ਨਹੀਂ ਲਿਆ ਜਾਵੇਗਾ।
15. ਹਰ ਵਿਦਿਆਰਥੀ ਲਈ ਵੱਖ-ਵੱਖ ਫੈਕਲਟੀਆਂ (ਮੈਡੀਕਲ/ਨਾਨ-ਮੈਡੀਕਲ/ਕਾਮਰਸ/ਆਰਟਸ/ਖੇਤਬਾੜੀ/ਬੀ ਸੀ ਏ, ਆਦਿ) ਲਈ ਵੱਖੋ-ਵੱਖਰੇ ਫਾਰਮ ਭਰਨੇ ਜ਼ਰੂਰੀ ਹਨ।
16. ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਦਿਆਰਥੀ ਸੈਸ਼ਨ ਸ਼ੁਰੂ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਗਰੁੱਪ ਪਰਿਵਰਤਨ (ਖੇਤਬਾੜੀ/ਕਾਮਰਸ/ਮੈਡੀਕਲ/ਨਾਨ-ਮੈਡੀਕਲ/ਬੀ.ਸੀ.ਏ.ਤੋਂ ਆਰਟਸ ਆਦਿ) ਕਰ ਸਕਦਾ ਹੈ। ਪਰ ਆਰਟਸ ਗਰੁੱਪ ਤੋਂ ਬੀ.ਸੀ.ਏ./ਕਾਮਰਸ/ਸਾਇੰਸ/ਖੇਤਬਾੜੀ ਗਰੁੱਪ ਵਿੱਚ ਪਰਿਵਰਤਨ ਨਹੀਂ ਕੀਤਾ ਜਾ ਸਕਦਾ। ਇਸ ਤੋਂ ਬਿਨਾਂ ਦਾਖਲੇ ਵੇਲੇ ਲਏ ਵਿਸ਼ੇ ਬਦਲਣ ਦੀ ਆਗਿਆ ਨਹੀਂ ਹੈ। ਕੇਵਲ ਪ੍ਰਿੰਸੀਪਲ ਦੀ ਪੂਰਵ ਪ੍ਰਵਾਨਗੀ ਨਾਲ ਖਾਲੀ ਸੀਟ ਹੋਣ ਤੇ ਦਾਖਲੇ ਦੀ ਮਿਤੀ ਤੋਂ 4 ਹਫਤੇ ਦੇ ਅੰਦਰ-ਅੰਦਰ ਇੱਕ ਚੋਣਵਾਂ ਵਿਸ਼ਾ ਬਦਲਿਆ ਜਾ ਸਕਦਾ ਹੈ।
17. ਦਾਖਲੇ ਸਬੰਧੀ ਕੋਈ ਵੀ ਸੂਚਨਾ ਕਾਲਜ ਦਫਤਰ ਆ ਕੇ ਪ੍ਰਾਪਤ ਕੀਤੀ ਜਾਵੇ ਜਾਂ ਕਾਲਜ ਫੋਨ ਨੰ. : 01639-250753 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
18. ਦਾਖਲੇ ਬਾਰੇ ਕੋਈ ਵੀ ਤਬਦੀਲੀ ਸਬੰਧੀ ਲੋੜੀਂਦੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ।
19. ਕਿਸੇ ਕਲਾਸ ਵਿੱਚ ਦਾਖਲ ਹੋਇਆ ਵਿਦਿਆਰਥੀ, ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਤੇ ਨੌਕਰੀ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ।

## (ਵਜ਼ੀਫੇ/ਸਕਾਲਰਸ਼ਿਪ)

ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਵਿਮੁਕਤ ਜਾਤੀਆਂ ਅਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਨੂੰ ਕਾਲਜ ਯੂਨੀਵਰਸਿਟੀ ਪੱਧਰ 'ਤੇ ਪੜ੍ਹਾਈ ਲਈ ਜੋ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਉਹ ਸਕੀਮਾਂ ਹੇਠ ਲਿਖੇ ਅਨੁਸਾਰ ਹਨ :-

## ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ : ਪੰਜਾਬ ਸਰਕਾਰ ਦੇ ਪੱਕੇ ਵਸਨੀਕ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਜੋ ਭਾਰਤ ਦੇ ਕਿਸੇ ਹਿੱਸੇ ਵਿੱਚ ਪੋਸਟ ਮੈਟ੍ਰਿਕ/ਸੈਕੰਡਰੀ ਸਟੇਜ ਤੇ ਵਿੱਦਿਆ ਪ੍ਰਾਪਤ ਕਰ ਰਹੇ ਹੋਣ, ਇਸ ਸਕੀਮ ਅਧੀਨ ਵਜ਼ੀਫੇ ਪ੍ਰਾਪਤ ਕਰ ਸਕਦੇ ਹਨ ਬਸ਼ਰਤੇ ਕਿ ਉਸਦੇ ਪਰਿਵਾਰ ਦੀ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 2,50,000/- ਰੁਪੈ ਤੋਂ ਵੱਧ ਨਾ ਹੋਵੇ। ਇਹ ਵਿਦਿਆਰਥੀ ਕਾਲਜ ਵਿੱਚ ਦਾਖਲੇ ਸਮੇਂ ਆਪਣੇ ਮਾਤਾ/ਪਿਤਾ/ਸਰਪ੍ਰਸਤ ਪਾਸੋਂ ਨੋਟਰੀ ਦੁਆਰਾ ਤਸਦੀਕ ਸ਼ੁਦਾ ਹਲਫੀਆ ਬਿਆਨ ਦੇਣਗੇ। (ਨਮੂਨਾ ਹੇਠਾਂ ਦਿੱਤਾ ਗਿਆ ਹੈ) ਅਤੇ ਹਲਫੀਆ ਬਿਆਨ ਅਨੁਸਾਰ ਲਾਗੂ ਆਮਦਨ ਸਰਟੀਫਿਕੇਟ ਵੀ ਦੇਣਗੇ। (ਨਮੂਨਾ ਹੇਠਾਂ ਦਿੱਤਾ ਗਿਆ ਹੈ) ਵਜ਼ੀਫਾ ਫਾਰਮ ਨਾ ਭਰਨ ਦੀ ਸੂਰਤ ਵਿੱਚ ਉਹਨਾਂ ਦਾ ਦਾਖਲਾ ਇਸ ਸਕੀਮ ਅਧੀਨ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਵਜ਼ੀਫਾ ਨਹੀਂ ਲੈਣਾ ਜਾਂ ਵਜ਼ੀਫੇ ਲਈ ਅਯੋਗ ਹੋਣ ਤਾਂ ਇਸ ਬਾਰੇ ਪੂਰੀ ਸੂਚਨਾ ਦਫਤਰ ਵਿੱਚ ਲਿਖਤੀ ਰੂਪ ਵਿੱਚ ਦਾਖਲੇ ਸਮੇਂ ਦੇਣਗੇ।

ਇਸ ਸਕੀਮ ਅਧੀਨ ਸਾਲ 2008-09 ਤੋਂ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 2,50,000/- ਰੁਪਏ ਤੋਂ ਵੱਧ ਨਾ ਹੋਵੇ, ਤੋਂ ਟਿਊਸ਼ਨ ਫੀਸ ਅਤੇ ਨਾਨ-ਰਿਫੰਡੇਬਲ ਕੰਪਲਸਰੀ ਫੀਸਾਂ ਜੋ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਕਵਰ ਹੁੰਦੀਆਂ ਹਨ ਨਹੀਂ ਲਈ ਜਾਣੀਆਂ ਹਨ।

(ਹਵਾਲਾ : ਸੰਯੁਕਤ ਸਕੱਤਰ (ਪੰਜਾਬ ਸਰਕਾਰ), ਭਲਾਈ ਵਿਭਾਗ (ਭਲਾਈ ਸੈਲ ਨਾਨ-ਪਲਾਨ) ਦਾ ਦਫਤਰ ਦੇ ਪੱਤਰ ਨੰ. 37407-ਐਸ ਏ.-11/2244-2249 ਮਿਤੀ ਚੰਡੀਗੜ੍ਹ 11-07-2007)

ਇਹ ਲਾਭ ਪ੍ਰਾਪਤ ਕਰਨ ਲਈ ਸਵੈ-ਰੋਜ਼ਗਾਰ ਮਾਤਾ-ਪਿਤਾ/ਸਰਪ੍ਰਸਤ ਨੂੰ ਆਮਦਨ ਸਰਟੀਫਿਕੇਟ ਜੋ ਕਿ ਅਗਜ਼ੈਕਟਿਵ ਮੈਜਿਸਟ੍ਰੇਟ ਤੋਂ ਜਾਰੀ ਕੀਤਾ ਹੋਵੇ, ਦੇਣਾ ਹੋਵੇਗਾ ਕਿ ਉਹਨਾਂ ਦੀ ਸਾਰੇ ਸਾਧਨਾਂ ਤੋਂ ਕੁੱਲ ਸਲਾਨਾ ਆਮਦਨ 2,50,000/-ਰੁਪਏ ਤੋਂ ਵੱਧ ਨਹੀਂ ਹੈ। ਨੌਕਰੀ ਕਰ ਰਹੇ ਮਾਤਾ-ਪਿਤਾ/ਸਰਪ੍ਰਸਤ ਨੂੰ ਆਪਣੇ ਇੰਪਲਾਇਅਰ ਤੋਂ ਸਾਲ 2017-18 ਦੌਰਾਨ ਸਲਾਨਾ ਆਮਦਨ ਦਾ ਸਰਟੀਫਿਕੇਟ ਦੇਣਾ ਹੋਵੇਗਾ ਅਤੇ ਬਾਕੀ ਸਾਧਨਾਂ ਤੋਂ ਹੋਰ ਆਮਦਨ ਲਈ ਆਮਦਨ ਸਰਟੀਫਿਕੇਟ ਦੇਣਾ ਹੋਵੇਗਾ। (ਪੰਜਾਬ ਸਰਕਾਰ ਦੇ ਪੱਤਰ 17/11962-65 ਮਿਤੀ 13-6-2013 ਤੋਂ ਉਪਰੋਕਤ ਸਕੀਮ ਤਹਿਤ ਆਮਦਨ ਦੀ ਹੱਦ 2 ਲੱਖ ਤੋਂ 2.50 ਲੱਖ ਰੁਪਏ ਸਲਾਨਾ ਕਰ ਦਿੱਤੀ ਗਈ ਹੈ।)

## ਹਲਫੀਆ ਬਿਆਨ

ਫੋਟੋ

ਮੈਂ ............ ਪੁੱਤਰ/ਪੁੱਤਰੀ/ਪਤਨੀ/ਵਿਧਵਾ ਸ਼੍ਰੀ ............ ਵਾਸੀ ............ ਤਹਿਸੀਲ ............ ਜ਼ਿਲਾ ............ ਸੱਚੇ ਦਿਲੋਂ ਹਲਫੀਆ ਬਿਆਨ ਕਰਦਾ/ਕਰਦੀ ਹਾਂ।

1. ਇਹ ਕਿ ਮੇਰੇ/ਮੇਰੀ ਪੁੱਤਰ/ਪੁੱਤਰੀ/ਮਿਸਟਰ/ਮਿਸ ............ ਨੇ (ਪਾਸ ਕੀਤੀ ਕਲਾਸ ਦਾ ਨਾਂ) ...10+2... ਕਲਾਸ ਸੈਸ਼ਨ ...2017-18... ਦੌਰਾਨ ਪਾਸ ਕੀਤੀ ਹੈ, (ਕਾਲਜ/ਸੰਸਥਾ ਦਾ ਨਾਂ) ............ ਵਿਖੇ ਸੈਸ਼ਨ ...2018-19... ਦੌਰਾਨ ............ ਕਲਾਸ ਵਿੱਚ ਦਾਖਲਾ ਲਿਆ। ਸਰਟੀਫਿਕੇਟ/ਨੰਬਰ ਕਾਰਡ ਦੀ ਫੋਟੋ ਕਾਪੀ ਨੱਥੀ ਹੈ, ਹੁਣ ਉਸਨੇ ............ ਰਾਹੀਂ ............ ਮਿਤੀ ............ ਰੋਲ ਨੰ. ............
2. ਇਹ ਕਿ ਮੈਂ ............ ਜਾਤੀ ਨਾਲ ਸਬੰਧਤ ਹਾਂ, ਜੋ ਕਿ ਭਾਰਤ ਸਰਕਾਰ ਵੱਲੋਂ ਐਸ ਸੀ ਕੈਟੇਗਰੀ ਵਿੱਚ ਸ਼ਾਮਲ ਕੀਤੀ ਗਈ ਹੈ। ਮੈਂ ਆਪਣੇ ਪੁੱਤਰੀ/ਪੁੱਤਰ ਦੇ ਜਾਤੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ/ਰਹੀ ਹਾਂ, ਜੋ ਕਿ ਸਹੀ ਹੈ।
3. ਇਹ ਹੈ ਕਿ ਮੈਂ ਸਰਕਾਰੀ ਨੌਕਰੀ ਕਰਦਾ/ਕਰਦੀ ਹਾਂ/ਨਹੀਂ ਕਰਦਾ/ਕਰਦੀ ਹਾਂ, ਮੇਰੀ ਪੋਸਟ ਦਾ ਨਾਂ ............ ਹੈ, ਇਹ ਪੋਸਟ ਦਾ ਪੇ ਬੈਂਡ ............ ਹੈ। ਮੇਰੀ ਸਾਰੇ ਸੋਮਿਆਂ ਤੋਂ ਸਲਾਨਾ ਆਮਦਨ ...80,000... (ਸ਼ਬਦਾਂ ਵਿੱਚ ............) ਹੈ ਜੋ ਕਿ 2.50 ਲੱਖ ਰੁਪਏ ਤੋਂ ਘੱਟ ਹੈ। ਮੈਂ ਆਪਣੇ ਡੀ.ਡੀ.ਓ. ਵੱਲੋਂ ਜਾਰੀ ਸਾਲ 2017-18 ਦੀ ਕੁੱਲ ਸਲਾਨਾ ਆਮਦਨ ਸਬੰਧੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ ਹਾਂ। ਮੈਂ ਆਪਣੇ ਪੁੱਤਰ/ਪੁੱਤਰੀ ਦੀ ਫੀਸ ਮੁਆਫ ਕਰਵਾਉਣਾ ਚਾਹੁੰਦਾ/ਚਾਹੁੰਦੀ ਹਾਂ।
4. ਇਹ ਹੈ ਕਿ ਮੈਂ ਸਰਕਾਰੀ ਨੌਕਰੀ ਨਹੀਂ ਕਰਦਾ/ਕਰਦੀ ਹਾਂ, ਮੇਰੀ ਸਾਰਿਆਂ ਸੋਮਿਆਂ ਤੋਂ ਸਲਾਨਾ ਆਮਦਨ ...80,000... (ਸ਼ਬਦਾਂ ਵਿੱਚ ............) ਹੈ, ਜੋ ਕਿ 2.50 ਲੱਖ ਰੁਪਏ ਤੋ ਘੱਟ ਹੈ। ਮੈਂ ਤਹਿਸੀਲਦਾਰ ਵੱਲੋਂ ਜਾਰੀ ਸਾਲ 2017-18 ਦੀ ਕੁੱਲ ਸਲਾਨਾ ਆਮਦਨ ਸਬੰਧੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ/ਰਹੀ ਹਾਂ।
5. ਇਹ ਕਿ ਮੇਰਾ ਪੁੱਤਰ/ਪੁੱਤਰੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ ਸੀ. ਸਕੀਮ ਅਧੀਨ ਆਨ-ਲਾਈਨ ਅਪਲਾਈ ਕਰੇਗਾ/ਕਰੇਗੀ। ਮੇਰੇ ਪੁੱਤਰ/ਪੁੱਤਰੀ ਦਾ ਸਕਾਲਰਸ਼ਿਪ ਫਾਰਮ ਸਾਡੀ ਅਣਗਹਿਲੀ ਕਾਰਨ ਰੱਦ ਹੋਣ ਦੀ ਹਾਲ ਵਿੱਚ ਮੈਂ ਪੂਰੀ ਫੀਸ ਭਰਨ ਦੀ ਜ਼ੁੰਮੇਵਾਰੀ ਲੈਂਦਾ/ਲੈਂਦੀ ਹਾਂ। ਅਧੀਨ ਮੇਰੇ ਪੁੱਤਰ/ਪੁੱਤਰੀ ਨੇ ਕਿਸੇ ਹੋਰ ਸਕਾਲਰਸ਼ਿਪ ਲਈ ਬਿਨੈ ਪੱਤਰ ਨਹੀਂ ਦਿੱਤਾ ਹੈ/ਨਾ ਹੀ ਦੇਵਾਂਗਾ ਅਤੇ ਉਹ ਕੋਈ ਵੀ ਹੋਰ ਸਕਾਲਰਸ਼ਿਪ ਨਹੀਂ ਲੈ ਰਿਹਾ/ਰਹੀ ਹੈ।

6. ਇਹ ਕਿ ਮੇਰਾ ਉਕਤ ਬਿਆਨ ਗਲਤ ਹੋਣ ਦੀ ਹਾਲਤ ਵਿੱਚ ਨਿਯਮਾਂ ਅਧੀਨ ਮੇਰੇ ਵਿਰੁੱਧ ਕਾਰਵਾਈ ਕਰਨ ਤੇ ਮੈਨੂੰ ਇਤਰਾਜ ਨਹੀਂ ਹੋਵੇਗਾ।

(..................................)

ਬਿਆਨ ਕਰਤਾ

ਉਕਤ ਬਿਆਨ ਮੇਰੇ ਵੱਲੋਂ ਦਿੱਤਾ ਗਿਆ ਹਲਫੀਆ ਬਿਲਕੁਲ ਸਹੀ ਵਾ ਦਰੁਸਤ ਹੈ। ਇਸ ਵਿੱਚ ਕੋਈ ਵੀ ਗੱਲ ਲੁਕਾ ਛੁਪਾ ਕੇ ਨਹੀਂ ਰੱਖੀ ਗਈ।

ਮਿਤੀ..................................... (..................................)

ਨੋਟ : ਇਹ ਹਲਫੀਆ ਬਿਆਨ ਨੋਟਰੀ ਤੋਂ ਤਸਦੀਕਸ਼ੁਦਾ ਹੋਣਾ ਚਾਹੀਦਾ ਹੈ। ਬਿਆਨ ਕਰਤਾ

## ਆਮਦਨ ਸਰਟੀਫਿਕੇਟ (2017-18)

ਫੋਟੋ

ਨੰ. ............................ ਮਿਤੀ...............................

ਤਸਦੀਕ ਕੀਤਾ ਜਾਂਦਾ ਹੈ ਕਿ ਸ਼੍ਰੀ/ਕੁਮਾਰੀ/ਸ਼੍ਰੀਮਤੀ..........................................

ਪੁੱਤਰ/ਪੁੱਤਰੀ/ਪਤਨੀ..................................................ਵਾਸੀ..........................................

..........................................................................................ਤੇ ਪਰਿਵਾਰ ਦੀ ਸਾਰੇ

ਸਾਧਨਾਂ ਤੋਂ ਮੌਜੂਦਾ ਸਲਾਨਾ ਆਮਦਨ..........................................................ਰੁਪਏ ਹੈ। ਇਹ ਆਮਦਨ ਸਰਟੀਫਿਕੇਟ ਸਿਰਫ

..................................................ਲਈ ਵਰਤਿਆ ਜਾਵੇਗਾ।

ਇਹ ਆਮਦਨ ਸਰਟੀਫਿਕੇਟ ਉਕਤ ਵਿਅਕਤੀ ਵੱਲੋਂ ਸਵੈ-ਘੋਸ਼ਣਾ ਵਾ ..........................................

ਦੀ ਤਸਦੀਕ ਦੇ ਆਧਾਰ ਤੇ ਜਾਰੀ ਕੀਤਾ ਗਿਆ ਹੈ।

ਤਹਿਸੀਲਦਾਰ

(ਨੋਟ: ਆਮਦਨ ਸਰਟੀਫਿਕੇਟ ਚਾਲੂ ਵਿੱਤੀ ਸਾਲ ਵਿੱਚ ਜਾਰੀ ਕੀਤਾ ਗਿਆ ਹੋਣਾ ਚਾਹੀਦਾ ਹੈ।)

## ਹੋਰ ਪੱਛੜੀਆਂ (O.B.C.) ਵਿਦਿਆਰਥੀਆਂ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ

ਪੱਛੜੀਆਂ ਸ਼੍ਰੇਣੀਆਂ ਦੇ ਉਹ ਵਿਦਿਆਰਥੀ ਜੋ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਸਰਕਾਰ ਵੱਲੋਂ ਨੋਟੀਫਾਈਡ ਕੀਤੇ ਹੋਣ ਨੂੰ ਸਕੀਮ ਅਧੀਨ ਸਕਾਲਰਸ਼ਿਪ ਦਿੱਤਾ ਜਾਂਦਾ ਹੈ। ਅਜਿਹੇ ਵਿਦਿਆਰਥੀਆਂ ਅਤੇ ਮਾਤਾ-ਪਿਤਾ/ਗਾਰਡੀਅਨ ਦੀ ਸਾਰੇ ਸੋਮਿਆਂ ਤੋਂ ਸਾਲਾਨਾ ਆਮਦਨ 1,00,000/- (ਇੱਕ ਲੱਖ) ਰੁਪਏ ਤੋਂ ਵੱਧ ਨਾ ਹੋਵੇ।

## ਐਸ.ਸੀ./ਬੀ.ਸੀ. ਸ਼੍ਰੇਣੀ ਦੇ ਯੋਗ ਵਿਦਿਆਰਥੀ ਵਜੀਫਾ ਭਰਨ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣ:

1. ਵਜੀਫਾ ਫਾਰਮ ਵਿੱਚ ਸੰਬੰਧਤ ਬੈਂਕ ਦਾ ਨਾਮ, ਆਈ.ਐਫ.ਐਸ.ਈ. ਕੋਡ, ਵਿਦਿਅਰਥੀਆਂ ਦੇ ਆਨ-ਲਾਈਨ ਬੈਂਕ ਦਾ ਪੂਰਾ ਖਾਤਾ ਨੰਬਰ ਅਤੇ ਆਧਾਰ ਕਾਰਡ ਦਾ ਨੰਬਰ ਦਿੱਤਾ ਹੋਵੇ।
2. ਇਨ੍ਹਾਂ ਦਸਤਾਵੇਜਾਂ ਦੀ ਇੱਕ ਕਾਪੀ ਕਾਲਜ ਵਿੱਚ ਵੀ ਜਮ੍ਹਾਂ ਕਰਵਾਈ ਜਾਵੇ।
3. ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ ਉਨ੍ਹਾਂ ਦੇ ਆਨ-ਲਾਈਨ ਬੈਂਕ ਖਾਤੇ ਵਿੱਚ ਸਿੱਧੀ ਜਾਣੀ ਹੈ। ਇਸ ਲਈ ਉਨ੍ਹਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਸੰਬੰਧੀ ਵੇਰਵੇ ਸਹੀ ਹੋਣ।
4. ਬੈਂਕ ਖਾਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜਿਮੇਵਾਰੀ ਸੰਬੰਧਤ ਵਿਦਿਆਰਥੀ ਦੀ ਹੋਵੇਗੀ।

## ਵਿਦਿਆਰਥੀ ਹੇਠ ਲਿਖੇ ਅਨੁਸਾਰ Do's ਅਤੇ Dont's ਨੂੰ ਧਿਆਨ ਵਿੱਚ ਰੱਖਣ:

| Do's | Don'ts |
|---|---|
| Account No. should be in numeric field. | Do not write any alphabet or symbol in the account number field. |
| IFSC code should be of eleven digits, first four characters are alphabets and last seven are numeric. | Do not write Bank name along with IFSC code, only eleven digit should be mentioned in this field. |
| Also mention complete name and the address of the Bank in separate column. | Ensure the zero do not get deleted for the accounts starting from - 0- |
| Capture the name and address of Institute in the separate column. | |
| Please recheck cell format while saving the file. | |

(ਹਵਾਲਾ: ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਚੰਡੀਗੜ੍ਹ (ਸਕਾਲਰਸ਼ਿਪ ਸ਼ਾਖਾ) ਦੇ ਦਫਤਰ ਦੇ ਮੀਮੋ ਨੰ: 2/6-2007 ਸਕਾਲਰਸ਼ਿਪ-1 (6) ਚੰਡੀਗੜ੍ਹ ਮਿਤੀ 19-03-2013)

## ਪੇਂਡੂ ਖੇਤਰ ਦੀਆਂ ਅੰਗਹੀਣ ਲੜਕੀਆਂ ਲਈ ਵਜ਼ੀਫਾ ਸਕੀਮ

ਪਲਾਨ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪਲਾਨ ਸਕੀਮ
ਜਿਲ੍ਹਾ ਸਮਾਜਕ ਸੁਰੱਖਿਆ ਅਫਸਰ ਫਰੀਦਕੋਟ ਦੇ ਪੱਤਰ ਨੰਬਰ 189 ਮਿਤੀ 01-03-2012 ਅਧੀਨ ਭਾਰਤ ਸਰਕਾਰ ਵੱਲੋਂ ਪਲਾਨ ਸਕੀਮ ਅਧੀਨ ਪੇਂਡੂ ਖੇਤਰ ਦੀਆਂ ਅੰਗਹੀਣ
ਸਭ 3.15 ਸਟੂਡੈਂਟ ਸਕਾਲਰਸ਼ਿਪ ਟੂ ਹੈਂਡੀਕੈਪ ਇਨ ਰੂਰਲ ਏਰੀਆ (ਏ.ਸੀ.ਏ.) ਸਕੀਮ ਅਧੀਨ ਪੇਂਡੂ ਖੇਤਰ ਦੀਆਂ ਅੰਗਹੀਣ ਇਸ ਸਕੀਮ ਲਈ ਕਲੇਮ ਕਰਨ ਵਾਲੀਆਂ
ਵਿਦਿਆਰਥਣਾਂ ਨੂੰ 1,500/- ਰੁਪਏ ਅਤੇ 1,500/- ਰੁਪਏ ਕਿਤਾਬਾਂ ਲਈ ਦਿੱਤੇ ਜਾਂਦੇ ਹਨ। ਇਸ ਸਕੀਮ ਲਈ ਕਲੇਮ ਕਰਨ ਵਾਲੀਆਂ ਵਿਦਿਆਰਥਣਾਂ ਦੀ ਅਪੰਗਤਾ 40% ਤੋਂ ਘੱਟ ਅਤੇ ਮਾਤਾ ਪਿਤਾ ਦੀ ਸਾਲਾਨਾ ਆਮਦਨ 60,000/- ਰੁਪਏ ਤੋਂ ਵੱਧ ਨਾ ਹੋਵੇ।

## 'ਇੰਦਰਾ ਗਾਂਧੀ ਪੀ.ਜ਼ੀ. ਸਕਾਲਰਸ਼ਿਪ ਫਾਰ ਸਿੰਗਲ ਗਰਲ ਚਾਈਲਡ' ਵਜ਼ੀਫਾ ਸਕੀਮ

ਯੂ.ਜੀ.ਸੀ. ਦੇ ਪੱਤਰ ਨੰਬਰ ਐਫ-8-94/2008 (ਐਸ.ਏ.-3) ਮਿਤੀ 30-9-2009 ਅਨੁਸਾਰ ਇੰਦਰਾ ਗਾਂਧੀ ਪੀ.ਜੀ. ਸਕਾਲਰਸ਼ਿਪ ਫੌਰ ਸਿੰਗਲ ਗਰਲ ਚਾਈਲਡ ਦੇ ਆਧਾਰ ਤੇ ਕੇਵਲ ਪੀ.ਜੀ. (ਨਾਲ ਪਰੋਫੈਸ਼ਨਲ) ਕੋਰਸ (ਪਹਿਲਾ ਸਾਲ) ਪੜ੍ਹਨ ਵਾਲੀ ਇੱਕਲੀ ਲੜਕੀ ਜੋ ਕਿ ਪਰਿਵਾਰ ਦਾ ਇੱਕੋ ਹੀ ਬੱਚਾ ਹੋਵੇ ਦੀ ਟਿਊਸ਼ਨ ਫੀਸ ਨਹੀਂ ਲਈ ਜਾਵੇਗੀ ਅਤੇ ਸਕਾਲਰਸ਼ਿਪ ਦੀ ਰਕਮ 2000/- ਰੁਪਏ ਪ੍ਰਤੀ ਮਹੀਨਾ ਦੋ ਸਾਲਾਂ ਲਈ (ਸਾਲ ਵਿੱਚ ਕੇਵਲ 10 ਮਹੀਨੇ) ਹੋਵੇਗੀ।

## ਘੱਟ ਗਿਣਤੀ ਸਮੁਦਾਏ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਇਸ ਸਕੀਮ ਅਧੀਨ 2008/09 ਦੇ ਯੋਗ ਘੱਟ ਗਿਣਤੀ ਸਮੁਦਾਇ (ਸਿੱਖ, ਮੁਸਲਿਮ, ਇਸਾਈ, ਬੋਧੀ, ਜੈਨ ਅਤੇ ਪਾਰਸੀ) ਨਾਲ ਸੰਬੰਧਤ ਵਿਦਿਆਰਥੀਆਂ ਨੂੰ ਜਿਨ੍ਹਾਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਦੀ ਸਾਲਾਨਾ ਆਮਦਨ 2,00,000/- ਰੁਪਏ ਤੋਂ ਵੱਧ ਨਾ ਹੋਵੇ ਅਤੇ ਵਿਦਿਆਰਥੀ ਵੱਲੋਂ ਪੂਰਵਲੇ ਸਾਲ ਦੌਰਾਨ ਫਾਈਨਲ ਇਮਤਿਹਾਨ ਵਿੱਚੋਂ ਘੱਟ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਨੂੰ ਲਾਭ ਦਿੱਤਾ ਜਾਣਾ ਹੈ। ਵਿਦਿਆਰਥੀ ਦਾਖਲ ਹੋਣ ਉਪਰੰਤ ਵਜ਼ੀਫਾ ਕਲਰਕ ਨਾਲ ਸੰਪਰਕ ਕਰਨ।

(ਹਵਾਲਾ: ਡਾਈਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਦੇ ਪੱਤਰ ਨੰ: 1126-2/9-2007 ਸਕਾ, (8) ਮਿਤੀ : 30-02-2008, (ਵਜ਼ੀਫੇ ਲਈ www.momascholarship.gov.in ਤੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ਅਤੇ ਬਿਨੈ ਪੱਤਰ ਦੀ ਹਾਰਡ ਕਾਪੀ ਅਤੇ ਲੋੜੀਂਦੇ ਦਸਤਾਵੇਜ਼ ਦਫਤਰ ਵਿੱਚ ਜਮਾਂ ਕਰਵਾਉਣੇ ਜ਼ਰੂਰੀ ਹਨ)

## ਰਜਿਸਟਰਡ ਨਿਰਮਾਣ ਕਾਮਿਆਂ ਦੇ ਬੱਚਿਆਂ ਲਈ ਸਟਾਈਪੈਂਡ ਸਕੀਮ

Punjab Building and Other Construction Workers Welfare Board ਵੱਲੋਂ ਰਜਿਸਟਰਡ ਉਸਾਰੀ ਕਾਮਿਆਂ ਦੇ ਬੱਚਿਆਂ ਨੂੰ ਪਹਿਲੀ ਕਲਾਸ ਤੋਂ ਡਿਗਰੀ ਕੋਰਸਾਂ ਤੱਕ 3000/- ਤੋਂ 7000/- ਰੁਪਏ ਸਾਲਾਨਾ ਦਾ ਸਟਾਈਪੈਂਡ ਦੇਣ ਦੀ ਸਕੀਮ ਹੈ। ਇਹ ਸਟਾਈਪੈਂਡ ਪ੍ਰਾਪਤ ਕਰਨ ਲਈ online ਅਰਜੀ ਦਿੱਤੀ ਜਾ ਸਕਦੀ ਹੈ। ਸਬੰਧਤ ਵਿਦਿਆਰਥੀ ਉਪਰੋਕਤ ਬੋਰਡ ਦੇ ਇੰਸਪੈਕਟਰ ਨਾਲ

## ਹੋਰ ਵਜ਼ੀਫੇ

ਅਨੁਸੂਚਿਤ ਜਾਤੀ ਨਾਲ ਸਬੰਧਤ ਲੜਕੀਆਂ ਨੂੰ ਗ੍ਰਾਂਟ ਘੱਟ ਆਮਦਨ ਵਜ਼ੀਫਾ ਸਕੀਮ, ਵਿਮੁਕਤ ਜਾਤੀਆਂ ਲਈ ਵਜ਼ੀਫਾ ਸਕੀਮ ਦਾ ਲਾਭ ਲੈਣ ਲਈ ਵਿਦਿਆਰਥੀ ਵਜ਼ੀਫਾ ਕਲਰਕ ਨਾਲ ਦਫਤਰ ਵਿੱਚ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਵੈਬਸਾਈਟ punjabscholarship.gov.in dk ashirwad portal ਜ਼ਰੂਰ ਵੇਖਿਆ ਜਾਵੇ।

## ਪੂਅਰ ਏਡ ਫੰਡ

ਸਵ.ਸ.ਭਗਤ ਸਿੰਘ, (ਸੇਵਾ ਮੁਕਤ ਪ੍ਰਿੰਸੀਪਲ) ਜੀ ਨੇ ਇਸ ਕਾਲਜ ਵਿੱਚ ਬਹੁਤ ਸਾਲ ਸੇਵਾ ਨਿਭਾਈ। ਉਹਨਾਂ ਦੀ ਯਾਦ ਵਿੱਚ ਉਹਨਾਂ ਦੇ ਪਰਿਵਾਰ ਵੱਲੋਂ ਕਾਲਜ ਨੂੰ 5,00,000/- ਰੁਪਏ ਦਾਨ ਕੀਤੇ ਗਏ ਹਨ। ਇਸ ਰਕਮ ਦੀ ਬੈਂਕ ਵਿੱਚ ਐਫ.ਡੀ. ਕਰਵਾ ਦਿੱਤੀ ਗਈ ਹੈ ਜਿਸਦੇ ਵਿਆਜ ਦੀ ਰਕਮ ਗਰੀਬ ਅਤੇ ਲਾਇਕ ਵਿਦਿਆਰਥੀਆਂ ਦੀ ਸਹਾਇਤਾ ਅਤੇ ਇਨਾਮ ਦੇਣ ਲਈ ਵਰਤੀ ਜਾਂਦੀ ਹੈ। ਪ੍ਰਿੰਸੀਪਲ ਅਤੇ ਸਮੂਹ ਸਟਾਫ ਉਨ੍ਹਾਂ ਦੇ ਪਰਿਵਾਰ ਦੇ ਸ਼ਲਾਘਾਯੋਗ ਕਦਮ ਲਈ ਧੰਨਵਾਦੀ ਹੈ।

ਗਰੀਬ ਅਤੇ ਲਾਇਕ ਵਿਦਿਆਰਥੀਆਂ ਨੂੰ ਕਾਲਜ ਦੇ ਪੂਅਰ ਏਡ ਫੰਡ ਵਿਚੋਂ ਵੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਇਹ ਸਹਾਇਤਾ ਦੇਣ ਲਈ ਅਰਜੀ ਦੇਣਗੇ। ਇਸ ਸਬੰਧ ਵਿੱਚ ਕਾਲਜ ਦੇ ਨੋਟਿਸ ਬੋਰਡ ਤੇ ਸੂਚਨਾ ਦਿੱਤੀ ਜਾਵੇਗੀ।

## ਪੰਜਾਬ ਸੇਵਾਵਾਂ ਅਧਿਕਾਰ ਕਾਨੂੰਨ 2011

ਪੰਜਾਬ ਰਾਈਟ ਟੂ ਸਰਵਿਸ ਐਕਟ ਲਾਗੂ ਕਰਨ ਸਬੰਧੀ ਡਾਇਰੈਕਟਰ ਸਿੱਖਿਆ ਵਿਭਾਗ (ਕਾ) ਪੰਜਾਬ ਦੇ ਪਿੱਠ ਅੰਕਣ ਨੰਬਰ 11/40-2013 ਅ (1) ਮਿਤੀ 28-03-2014 ਅਨੁਸਾਰ ਵਿਦਿਆਰਥੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ:

| Sr. No. | Dept. Name | Name of the Service to be provided by Punjabi University, Patiala | Period |
|---|---|---|---|
| 1. | Govt. Brijindra College, Faridkot | Issuance of Duplicate Certificate | 30 days |
| 2. | Govt. Brijindra College, Faridkot | Issuance of Original Migration Certificate/Detailed Marks Cards/Verification of Documents | 15 days |
| 3. | Govt. Brijindra College, Faridkot | Degrees of successful candidates | By 31 October Every year |

# ਹੋਸਟਲ

ਕਾਲਜ ਵਿੱਚ ਕੇਵਲ ਲੜਕਿਆਂ ਦਾ ਹੋਸਟਲ ਹੈ ਜਿਸ ਵਿੱਚ ਕੁੱਲ 50 ਸੀਟਾਂ ਹਨ। ਇਸ ਵਿੱਚ ਦਾਖਲਾ ਉਪਲੱਬਧ ਸੀਟਾਂ
ਅਨੁਸਾਰ ਲੋੜਵੰਦ ਵਿਦਿਆਰਥੀਆਂ ਦੀ ਮੁਸ਼ਕਿਲ ਨੂੰ ਮੁੱਖ ਰੱਖ ਕੇ ਪ੍ਰਿੰਸੀਪਲ ਦੁਆਰਾ ਇੰਟਰਵਿਊ ਰਾਹੀਂ ਕੀਤਾ ਜਾਂਦਾ ਹੈ। ਹੋਸਟਲ ਵਿੱਚ
ਵਿਦਿਆਰਥੀਆਂ ਦੀ ਸਹੂਲਤ ਲਈ ਮੈਸ ਦੀ ਸਹੂਲਤ ਵੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਲੋੜ ਅਨੁਸਾਰ ਅਖ਼ਬਾਰ, ਮੈਗਜ਼ੀਨ
ਅਤੇ ਕਾਮਨ ਰੂਮ ਸਥਾਪਿਤ ਹੈ। ਵਿਦਿਆਰਥੀਆਂ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ ਜਨਰੇਟਰ, ਵਾਟਰ ਕੂਲਰ, ਵਾਟਰ ਪਿਊਰੀਫਾਇਰ, ਗੀਜ਼ਰ
ਅਤੇ ਸਬਮਰਸੀਬਲ ਪੰਪ ਵੀ ਲੱਗਾ ਹੋਇਆ ਹੈ। ਇਸ ਹੋਸਟਲ ਵਿੱਚ ਦਾਖਲਾ ਲੈਣ ਦੇ ਹਰ ਚਾਹਵਾਨ ਵਿਦਿਆਰਥੀਆਂ ਲਈ ਹੋਸਟਲ ਵਿੱਚ
ਇੱਕ ਨਿਸ਼ਚਿਤ ਫਾਰਮ ਭਰਨਾ ਜਰੂਰੀ ਹੈ। ਹੋਸਟਲ ਫੰਡ ਅਤੇ ਕਿਰਾਇਆ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਵਸੂਲਿਆ ਜਾਵੇਗਾ।

**ਹੋਸਟਲ ਫੀਸਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

1. ਹੋਸਟਲ ਸਕਿਊਰਟੀ ₹ 500/- (ਕੇਵਲ ਪਹਿਲੇ ਸਾਲ) ਮੋੜਨਯੋਗ
2. ਹੋਸਟਲ ਦਾ ਕਿਰਾਇਆ ₹ 5700/- (ਸਾਲਾਨਾ) ਪ੍ਰਤੀ ਵਿਦਿਆਰਥੀ
3. ਬਿਜਲੀ ਅਤੇ ਜਨਰੇਟਰ ਫੰਡ - ₹ 5000/- (ਸਾਲਾਨਾ) ਪ੍ਰਤੀ ਵਿਦਿਆਰਥੀ
4. ਮੈਸ ਸਕਿਊਰਟੀ -₹ 3000/- (ਮੋੜਨਯੋਗ) ਪ੍ਰਤੀ ਵਿਦਿਆਰਥੀ

**ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਘੱਟੋ-ਘੱਟ 2500/- ਪ੍ਰਤੀ ਮਹੀਨਾ ਮੈਸ ਦੇ ਖਾਣੇ ਦਾ ਬਿੱਲ ਦੇਣਾ ਹੋਵੇਗਾ। ਬਾਹਰੋਂ ਖਾਣਾ ਖਾਣ ਦੀ ਆਗਿਆ ਨਹੀਂ ਹੈ।**

## ਲੜਕਿਆਂ ਦੇ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਲਈ ਜ਼ਰੂਰੀ ਹਦਾਇਤਾਂ

1. ਹੋਸਟਲ ਵਿੱਚ ਦਾਖਲੇ ਲਈ ਫਾਰਮ, ਕਾਲਜ ਵਿੱਚ ਦਾਖਲਾ ਲੈਣ ਤੋਂ ਤੁਰੰਤ ਬਾਅਦ ਪ੍ਰੋ. ਤੇਜਿੰਦਰ ਸਿੰਘ ਢੀਂਡਸਾ (ਹੋਸਟਲ ਕਨਵੀਨਰ) ਕੋਲ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।
2. ਹੋਸਟਲ ਦਾਖਲੇ ਸਮੇਂ ਮਾਤਾ/ਪਿਤਾ ਸਰਪ੍ਰਸਤ ਦਾ ਨਾਲ ਆਉਣਾ ਜਰੂਰੀ ਹੈ।
3. ਹੋਸਟਲ ਵਾਰਡਨ ਦੀ ਲਿਖਤੀ ਆਗਿਆ ਤੋਂ ਬਿਨਾਂ ਕਿਸੇ ਮਹਿਮਾਨ ਜਾਂ ਕੋਈ ਹੋਰ ਵਿਦਿਆਰਥੀ ਨੂੰ ਹੋਸਟਲ ਵਿੱਚ ਠਹਿਰਨ ਦੀ ਆਗਿਆ ਨਹੀਂ ਹੈ।
4. ਹੋਸਟਲ ਵਿੱਚ ਰੈਗਿੰਗ ਦੀ ਸਖਤ ਮਨਾਹੀ ਹੈ। ਰੈਗਿੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕੜੀ ਕਾਨੂੰਨੀ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਉਸ ਨੂੰ ਕਾਲਜ ਅਤੇ ਹੋਸਟਲ ਵਿੱਚੋਂ ਕੱਢ ਦਿੱਤਾ ਜਾਵੇਗਾ।
5. **ਹੋਸਟਲ ਵਿੱਚ ਨਸ਼ੀਲੀਆਂ ਵਸਤੂਆਂ ਦੇ ਸੇਵਨ ਦੀ ਸਖਤ ਮਨਾਹੀ ਹੈ। ਜੇਕਰ ਕਾਲਜ ਦੇ ਵਿਦਿਆਰਥੀ ਨਸ਼ੀਲੀਆਂ ਵਸਤੂਆਂ ਦੇ ਸੇਵਨ ਕਰਨ ਵਾਲੇ ਕਿਸੇ ਵਿਅਕਤੀ ਨਾਲ ਸੰਬੰਧ ਰੱਖਦੇ ਹਨ ਜਾਂ ਉਨ੍ਹਾਂ ਨੂੰ ਕਾਲਜ ਵਿੱਚ ਬੁਲਾਉਂਦੇ ਹਨ, ਤਾਂ ਇਸ ਸੂਰਤ ਵਿੱਚ ਉਸ ਨੂੰ ਤੁਰੰਤ ਕਾਲਜ ਅਨੁਸ਼ਾਸਨ ਭੰਗ ਕਰਨ ਕਾਰਨ ਹੋਸਟਲ ਵਿੱਚੋਂ ਕੱਢ ਦਿੱਤਾ ਜਾਵੇਗਾ।**
6. ਜੋ ਵਿਦਿਆਰਥੀ ਨਿਯਤ ਸਮੇਂ ਤੇ ਹੋਸਟਲ ਦੀ ਫੀਸ ਨਹੀਂ ਦੇਣਗੇ ਉਨ੍ਹਾਂ ਨੂੰ ਜੁਰਮਾਨਾ ਕੀਤ ਜਾਵੇਗਾ।
7. ਹੋਸਟਲ ਦੇ ਵਿਦਿਆਰਥੀ ਆਪਣਾ ਮੈਸ ਵਿਦਿਆਰਥੀਆਂ ਦੁਆਰਾ ਚੁਣੀ ਹੋਈ ਕਮੇਟੀ ਦੁਆਰਾ ਹੋਸਟਲ ਵਾਰਡਨ ਦੀ ਨਿਗਰਾਨੀ ਹੇਠ ਨਾ ਲਾਭ ਨਾ ਹਾਨੀ ਨਿਯਮਾਂ ਅਨੁਸਾਰ ਚਲਾ ਸਕਦੇ ਹਨ ਅਤੇ ਹੋਸਟਲ ਦੇ ਸਾਰੇ ਵਿਦਿਆਰਥੀਆਂ ਲਈ ਮੈਸ ਦਾ ਮੈਂਬਰ ਬਣਨਾ ਲਾਜ਼ਮੀ ਹੈ।
8. ਹਰ ਵਿਦਿਆਰਥੀ ਲਈ ਮੈਸ ਬਿੱਲ ਦੀ ਅਦਾਇਗੀ ਹਰ ਮਹੀਨੇ ਦੀ 7 ਤਰੀਕ ਤੱਕ ਕਰਨੀ ਲਾਜ਼ਮੀ ਹੈ। ਜੇਕਰ ਕੋਈ ਵਿਦਿਆਰਥੀ ਨਿਯਤ ਸਮੇਂ ਤੇ ਬਿੱਲ ਦੀ ਅਦਾਇਗੀ ਨਹੀਂ ਕਰਦਾ ਤਾਂ ਉਨ੍ਹਾਂ ਨੂੰ 100/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਵੇਗਾ।
9. ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਮੇਂ-ਸਿਰ ਬਣਾਏ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।
10. **ਹੋਸਟਲ ਵਿੱਚ ਕਿਸੇ ਕਿਸਮ ਦਾ ਹਥਿਆਰ ਜਾਂ ਨੁਕਸਾਨਦੇਹ ਸਮੱਗਰੀ ਰੱਖਣ ਦੀ ਸਖਤ ਮਨਾਹੀ ਹੈ।**
11. **ਹੋਸਟਲ ਦੇ ਕਮਰੇ ਵਿੱਚ ਹੀਟਰ ਤੇ ਪ੍ਰੈਸ ਲਗਾਉਣਾ ਸਖਤ ਮਨ੍ਹਾਂ ਹੈ। ਉਲੰਘਣਾ ਕਰਨ ਵਾਲੇ ਨੂੰ 500/- ਰੁਪਏ ਜੁਰਮਾਨਾ ਕੀਤਾ ਜਾਵੇਗਾ।**
12. ਹੋਸਟਲ ਦੇ ਹਰ ਕਮਰੇ ਨੂੰ ਲਗਾਏ ਤਾਲੇ ਦੀ ਚਾਬੀ ਹੋਸਟਲ ਵਾਰਡਨ ਕੋਲ ਹੋਵੇਗੀ ਤਾਂ ਜੋ ਵਿਦਿਆਰਥੀ ਦੀ ਆਪਣੀ ਚਾਬੀ ਗੁੰਮਣ ਤੇ ਜਿੰਦਰੇ ਅਤੇ ਦਰਵਾਜ਼ੇ ਨੂੰ ਟੁੱਟਣ ਤੋਂ ਬਚਾਇਆ ਜਾ ਸਕੇ।
13. ਬਿਜਲੀ ਦੀ ਦੁਰਵਰਤੋਂ ਦੀ ਸਖਤ ਮਨਾਹੀ ਹੈ।
14. ਕਾਲਜ ਹੋਸਟਲ ਵਿੱਚ ਮਿਲਣ ਦਾ ਸਮਾਂ ਸ਼ਾਮ 4.00 ਵਜੇ ਤੋਂ 5.00 ਵਜੇ ਤੱਕ ਹੈ।
15. ਕਾਲਜ ਹੋਸਟਲ ਤੋਂ ਬਾਹਰ ਜਾਣ ਵੇਲੇ ਵਿਦਿਆਰਥੀ, ਹੋਸਟਲ ਦਫ਼ਤਰ ਵਿੱਚ ਰੱਖੇ ਰਜਿਸਟਰ ਵਿੱਚ ਆਪਣਾ ਪਤਾ ਦਰਜ ਕਰਕੇ ਜਾਣਗੇ ਅਤੇ ਵਾਪਸੀ ਤੇ ਹਾਜ਼ਰੀ ਲਗਾਉਣਗੇ।

16. ਸ਼ਾਮ 8.00 ਵਜੇ ਤੋਂ ਪਿੱਛੋਂ ਹੋਸਟਲ ਅੰਦਰ ਪ੍ਰਵੇਸ਼ ਬੰਦ ਹੈ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਲਗਾਈ ਜਾਵੇਗੀ।
17. ਸਥਾਨਕ ਜਾਂ 16 ਕਿਲੋਮੀਟਰ ਦੇ ਘੇਰੇ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਹੋਸਟਲ ਸੁਵਿਧਾ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
18. ਕਾਲਜ ਹੋਸਟਲ ਦਾ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ ਅਤੇ ਅਗਲੇ ਸਾਲ ਵੀ ਹੋਸਟਲ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
19. ਹੋਸਟਲ ਫੀਸ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਸਿਰ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਲਈ ਜਾਵੇਗੀ।
20. ਹੋਸਟਲ ਵਿੱਚ ਕਿਸੇ ਸ਼ਿਕਾਇਤ ਦੀ ਸੂਰਤ ਵਿੱਚ, ਸ਼ਿਕਾਇਤ ਰਜਿਸਟਰ ਵਿੱਚ ਦਰਜ ਕਰਨ ਦੀ ਸੁਵਿਧਾ ਹੈ। ਇਹ ਰਜਿਸਟਰ ਚੌਕੀਦਾਰ ਪਾਸ ਮੌਜੂਦ ਹੋਵੇਗਾ।
21. ਵਿਦਿਆਰਥੀਆਂ ਨੂੰ ਹੋਸਟਲ ਵਿਚ ਕਿਸੇ ਵੀ ਤਰ੍ਹਾਂ ਦਾ ਵਹੀਕਲ ਲਿਆਉਣ ਦੀ ਆਗਿਆ ਨਹੀਂ ਹੈ।

## ਗੁਰੂ ਨਾਨਕ ਦੇਵ ਲਾਇਬਰੇਰੀ

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬਰੇਰੀ ਹੈ ਜੋ ਕਿ ਪੂਰੀ ਤਰ੍ਹਾਂ ਕੰਪਿਊਟਰਾਈਜ਼ਡ ਹੈ। ਲਾਇਬਰੇਰੀ ਸਬੰਧੀ ਨਿਯਮ ਇਸ ਪ੍ਰਕਾਰ ਹਨ:

1. ਹੇਠ ਲਿਖੀ ਗਿਣਤੀ ਅਨੁਸਾਰ ਵਿਦਿਆਰਥੀਆਂ ਨੂੰ ਲਾਇਬਰੇਰੀ ਵਿਚੋਂ ਕਿਤਾਬਾਂ ਜਾਰੀ ਹੋਣਗੀਆਂ:-
   ੳ) ਡਿਗਰੀ ਕਲਾਸਾਂ ਦੇ ਵਿਦਿਆਰਥੀ 3
   ਅ) ਐਮ.ਏ. ਦੇ ਵਿਦਿਆਰਥੀ 6
2. ਇਕ ਪੁਸਤਕ 15 ਦਿਨਾਂ ਲਈ ਜਾਰੀ ਕੀਤੀ ਜਾਵੇਗੀ। ਇਸ ਤੋਂ ਵੱਧ ਦਿਨ ਰੱਖੀ ਪੁਸਤਕ ਲਈ 50 ਪੈਸੇ ਪ੍ਰਤੀ ਦਿਨ ਜੁਰਮਾਨਾ ਕੀਤਾ ਜਾਵੇਗਾ।
3. ਵਿਦਿਆਰਥੀਆਂ ਵੱਲੋਂ ਲਾਇਬਰੇਰੀ ਕਿਤਾਬ ਗੁੰਮ ਹੋ ਜਾਣ ਜਾਂ ਖਰਾਬ ਹੋਣ ਦੀ ਸੂਰਤ ਵਿੱਚ, ਵਿਦਿਆਰਥੀ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ। ਕਿਤਾਬ ਦੇ ਕਿਸੇ ਇੱਕ ਸੈਟ ਜਾਂ ਲੜੀ ਵਿੱਚ ਗੁਆਚੀ ਜਾਂ ਖਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ। ਇਸ ਸਬੰਧੀ ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ।
4. ਲਾਇਬਰੇਰੀ ਖੁੱਲ੍ਹਣ ਦਾ ਸਮਾਂ, ਕਾਲਜ ਖੁੱਲ੍ਹਣ ਦੇ ਸਮੇਂ ਅਨੁਸਾਰ ਹੀ ਹੋਵੇਗਾ।
5. ਲਾਇਬਰੇਰੀ ਦੀ ਅਧਿਐਨਸ਼ਾਲਾ ਵਿੱਚ ਚੁੱਪ ਦੀ ਮਰਿਆਦਾ ਕਾਇਮ ਰੱਖਣੀ ਅਤੀ ਜਰੂਰੀ ਹੈ। ਮਰਿਆਦਾ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਲਾਇਬਰੇਰੀਅਨ, ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਕਰ ਸਕਦਾ ਹੈ।
6. ਵਿਦਿਆਰਥੀਆਂ ਨੂੰ ਸਾਲਾਨਾ/ਸਮੈਸਟਰ ਯੂਨੀਵਰਸਿਟੀ ਇਮਤਿਹਾਨ ਦੇ ਰੋਲ ਨੰਬਰ ਦੇਣ ਸਮੇਂ ਲਾਇਬਰੇਰੀ ਦੀਆਂ ਪੁਸਤਕਾਂ ਵਾਪਸ ਕਰਨੀਆਂ ਹੋਣਗੀਆਂ।
7. ਲਾਇਬਰੇਰੀ ਤੋਂ 'ਨੋਂ ਡਿਊਜ਼' ਲੈਣ ਸਮੇਂ ਲਾਇਬਰੇਰੀ ਸ਼ਨਾਖਤੀ ਕਾਰਡ ਰੱਦ ਕਰ ਦਿੱਤਾ ਜਾਵੇਗਾ, ਪਰ ਵਿਦਿਆਰਥੀਆਂ ਲਈ ਜਰੂਰੀ ਹੈ ਕਿ ਉਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲ ਕੇ ਰੱਖਣ। ਕਿਉਂਕਿ ਇਸ ਕਾਰਡ ਤੋਂ ਬਿਨਾਂ ਕਾਲਜ ਮੈਗਜ਼ੀਨ, ਲਾਇਬਰੇਰੀ ਸਕਿਉਰਟੀ ਅਤੇ ਯੂਨੀਵਰਸਿਟੀ ਦੇ ਡਿਟੇਲ ਮਾਰਕਸ ਕਾਰਡ ਆਦਿ ਨਹੀਂ ਦਿੱਤੇ ਜਾਣਗੇ।
8. ਲਾਇਬਰੇਰੀ ਬੁੱਕ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਡੁਪਲੀਕੇਟ ਕਾਰਡ ਬਣਾਉਣ ਵਾਸਤੇ 20/- ਰੁਪੈ ਦੀ ਫੀਸ ਦੇਣੀ ਪਵੇਗੀ।
9. ਕਾਲਜ ਲਾਇਬਰੇਰੀ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ, ਕਾਮਰਸ, ਖੇਤੀਬਾੜੀ ਅਤੇ ਹੋਰ ਵਿਸ਼ਿਆਂ ਨਾਲ ਸਬੰਧਿਤ ਰਸਾਲੇ/ਮੈਗਜ਼ੀਨ ਉਪਲੱਬਧ ਹਨ। ਕੋਈ ਵੀ ਰਸਾਲਾ/ਮੈਗਜ਼ੀਨ ਵਿਦਿਆਰਥੀ ਨੂੰ ਜਾਰੀ ਨਹੀਂ ਕੀਤਾ ਜਾਵੇਗਾ।

## ਸ਼੍ਰੀ ਹੰਸ ਰਾਜ ਮੈਮੋਰੀਅਲ 'ਈ' ਲਾਇਬਰੇਰੀ

ਕਾਲਜ ਵਿੱਚ ਸ੍ਰੀ ਹੰਸ ਰਾਜ ਜੈਨ ਮੈਮੋਰੀਅਲ 'ਈ' ਲਾਇਬਰੇਰੀ ਸਥਾਪਤ ਕੀਤੀ ਗਈ ਹੈ। ਸ੍ਰੀ ਹੰਸ ਰਾਜ ਜੈਨ ਕਾਲਜ ਦੇ ਪਹਿਲੇ ਲਾਇਬਰੇਰੀਅਨ ਸਨ। ਉਹਨਾਂ ਦੀ ਯਾਦ ਵਿੱਚ ਉਹਨਾਂ ਦੇ ਸਪੁੱਤਰ ਡਾ. ਸੁਸ਼ੀਲ ਜੈਨ ਡਾਇਰੈਕਟਰ/ਪ੍ਰਧਾਨ ਸਾਊਥ ਏਸ਼ੀਅਨ ਸੈਂਟਰ ਵਿੰਡਸਰ ਆਨਟਾਰੀਓ ਕੈਨੇਡਾ ਜੀ ਨੇ 5,00,000/- ਰੁਪਏ ਦੀ ਰਾਸ਼ੀ ਦਾਨ ਵਜੋਂ ਦਿੱਤੀ ਹੈ। ਵਿਦਿਆਰਥੀ ਇਸ ਲਾਇਬਰੇਰੀ ਵਿੱਚ ਇੰਟਰਨੈੱਟ ਤੋਂ ਕਿਤਾਬਾਂ ਡਾਊਨਲੋਡ ਕਰਕੇ ਪੜ੍ਹ ਸਕਦੇ ਹਨ। ਇਸ ਲਾਇਬਰੇਰੀ ਦੀ ਸਹੂਲਤ ਲੈਣ ਲਈ ਵਿਦਿਆਰਥੀਆਂ ਦਾ ਵੱਖਰਾ ਈ ਲਾਇਬਰੇਰੀ ਕਾਰਡ ਬਣੇਗਾ। ਇਸ ਵਿੱਚ ਹੇਠ ਲਿਖੀਆਂ ਸਹੂਲਤਾਂ ਉਪਲੱਬਧ ਹਨ:-

1. **NPTEL**
2. **e-Granthalaya**
3. **e-PG Pathshala**
4. **MIT**
5. **Project Gutenberg**
6. **Universal Digital Library**
7. **INFLIBNET-N-LIST membership**

## ਸ਼ਨਾਖਤੀ ਕਾਰਡ

1. ਵਿਦਿਆਰਥੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਪ੍ਰਾਸਪੈਕਟਸ ਵਿੱਚ ਲੱਗੇ ਆਰਜ਼ੀ ਸ਼ਨਾਖਤੀ ਕਾਰਡ ਮੁਕੰਮਲ ਰੂਪ ਵਿੱਚ ਭਰ ਕੇ ਦਾਖਲਾ ਫਾਰਮ ਨਾਲ ਜਰੂਰ ਲਗਾਉਣ।
2. ਆਰਜ਼ੀ ਸ਼ਨਾਖਤੀ ਕਾਰਡ ਜਾਰੀ ਹੋਣ ਦੀ ਤਰੀਕ ਤੋਂ ਇੱਕ ਮਹੀਨੇ ਤੱਕ ਵੈਲਿਡ ਹੋਵੇਗਾ। ਅਸਲ ਸ਼ਨਾਖਤੀ ਕਾਰਡ ਬਾਅਦ ਵਿੱਚ ਜਾਰੀ ਕੀਤਾ ਜਾਵੇਗਾ।
3. ਸ਼ਨਾਖਤੀ ਕਾਰਡ ਹਰ ਰੋਜ਼ ਕਾਲਜ ਲਿਆਉਣਾ ਅਤੇ ਮੰਗਣ ਤੇ ਵਿਖਾਉਣਾ ਜਰੂਰੀ ਹੈ। ਜੇਕਰ ਕੋਈ ਵੀ ਵਿਦਿਆਰਥੀ ਬਿਨ੍ਹਾਂ ਸ਼ਨਾਖਤੀ ਕਾਰਡ ਤੋਂ ਜਾਂ ਅਧੂਰੇ ਸ਼ਨਾਖਤੀ ਕਾਰਡ ਨਾਲ ਪਕੜਿਆ ਜਾਂਦਾ ਹੈ ਤਾਂ ਉਸਨੂੰ ਜੁਰਮਾਨਾ ਕੀਤਾ ਜਾਵੇਗਾ।
4. ਸ਼ਨਾਖਤੀ ਕਾਰਡ ਗੁੰਮ ਹੋ ਜਾਣ ਤੇ ਵਿਦਿਆਰਥੀ ਨੂੰ ਪੁਲਿਸ ਥਾਣੇ ਵਿੱਚ ਐਫ.ਆਈ.ਆਰ. ਦਰਜ ਕਰਾਉਣੀ ਹੋਵੇਗੀ ਅਤੇ ਪ੍ਰਿੰਸੀਪਲ ਦੀ ਆਗਿਆ ਨਾਲ ਨਿਰਧਾਰਤ ਫੀਸ ਭਰਨ ਉਪਰੰਤ ਡੁਪਲੀਕੇਟ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ।
5. ਵਿਦਿਆਰਥੀ ਆਪਣਾ ਸ਼ਨਾਖਤੀ ਕਾਰਡ ਸੰਭਾਲ ਕੇ ਰੱਖਣ ਅਤੇ ਹੇਠ ਲਿਖੇ ਕੰਮਾਂ ਲਈ ਲੋੜ ਪੈਣ ਤੇ ਦਿਖਾਉਣ:-
   (ੳ) ਕਾਲਜ ਦੇ ਬਤੌਰ ਰੈਗੂਲਰ ਵਿਦਿਆਰਥੀ ਹੋਣ ਦੇ ਸਬੂਤ ਵੱਜੋਂ।
   (ਅ) ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨ ਵੇਲੇ ਇੰਚਾਰਜ਼ ਪ੍ਰੋਫੈਸਰ ਨੂੰ ਦਿਖਾਉਣ ਲਈ।
   (ੲ) ਲਾਇਬਰੇਰੀ ਕਾਰਡ ਬਣਾਉਣ ਸਮੇਂ।
   (ਸ) ਬੱਸ ਪਾਸ ਬਣਾਉਣ ਲਈ ਫਾਰਮ ਤਸਦੀਕ ਕਰਾਉਣ ਸਬੰਧੀ।
   (ਹ) ਲਾਇਬਰੇਰੀ ਸਕਿਉਰਿਟੀ ਵਾਪਸ ਲੈਣ ਸਮੇਂ।
   (ਕ) ਕਾਲਜ ਮੈਗਜ਼ੀਨ ਪ੍ਰਾਪਤ ਕਰਨ ਸਮੇਂ।
   (ਖ) ਦਫਤਰੀ ਕੰਮ ਲਈ ਪਹਿਚਾਣ ਵੱਜੋਂ।
   (ਗ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਸਮੈਸਟਰ ਪ੍ਰੀਖਿਆਵਾਂ ਅਤੇ ਕਾਲਜ ਦੀਆਂ ਘਰੇਲੂ ਪ੍ਰੀਖਿਆਵਾਂ ਦੌਰਾਨ ਪ੍ਰੀਖਿਆ ਕੇਂਦਰ ਵਿੱਚ ਆਪਣੀ ਪਹਿਚਾਣ ਦੀ ਪੁਸ਼ਟੀ ਲਈ।

## ਟਿਊਟੋਰੀਅਲ ਗਰੁੱਪ ਪ੍ਰਣਾਲੀ

1. ਕਾਲਜ ਦੇ ਹਰ ਵਿਦਿਆਰਥੀ ਨੂੰ ਕਿਸੇ ਇੱਕ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਲ ਕੀਤਾ ਜਾਵੇਗਾ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਕਾਲਜ ਵਿੱਚ ਸਰਵ-ਪੱਖੀ ਉਨੱਤੀ ਦਾ ਧਿਆਨ ਰੱਖਦਾ ਹੈ।
2. ਕਿਸੇ ਵਿਦਿਆਰਥੀ ਨੂੰ ਗਰੁੱਪ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
3. ਹਰ ਵਿਦਿਆਰਥੀ ਲਈ ਸਮੇਂ-ਸਮੇਂ ਸਿਰ ਹੋਣ ਵਾਲੀਆਂ ਗਰੁੱਪ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ। ਗੈਰ-ਹਾਜ਼ਰ ਵਿਦਿਆਰਥੀ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
4. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਕਾਲਜ ਵਿੱਚ ਆਪਣੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਦੀ ਰਿਪੋਰਟ ਸਮੇਂ ਸਿਰ ਆਪਣੇ ਟਿਊਟਰ ਦੇ ਰਿਕਾਰਡ ਵਿੱਚ ਦਰਜ ਕਰਵਾ ਦੇਣ।
5. ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਰਿਕਾਰਡ ਰੱਖੇਗਾ। ਉਹ ਉਨ੍ਹਾਂ ਦੇ ਆਚਰਣ ਸਰਟੀਫਿਕੇਟ ਤੋਂ ਇਲਾਵਾ ਉਨ੍ਹਾਂ ਦੀ ਵਿਦਿਅੱਕ ਉਨੱਤੀ ਰਿਪੋਰਟ ਤੇ ਟਿੱਪਣੀ ਵੀ ਕਰੇਗਾ।

## ਪ੍ਰੈਕਟੋਰੀਅਲ ਗਰੁੱਪ ਪ੍ਰਣਾਲੀ

ਵਿਦਿਆਰਥੀਆਂ ਵਿੱਚ ਅਨੁਸ਼ਾਸਨ ਕਾਇਮ ਰੱਖਣ ਲਈ ਇਸ ਪ੍ਰਣਾਲੀ ਤਹਿਤ ਪ੍ਰੋਫੈਸਰ ਸਾਹਿਬਾਨ ਵੱਖ-ਵੱਖ ਪੀਰੀਅਡਾਂ ਦੌਰਾਨ ਵਿਦਿਆਰਥੀਆਂ ਦੇ ਸ਼ਨਾਖਤੀ ਕਾਰਡ ਚੈਕ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਆਪਣੀਆਂ ਕਲਾਸਾਂ ਸਮੇਂ ਸਿਰ ਲਗਾਉਣ ਲਈ ਅਤੇ ਆਪਣੇ ਖਾਲੀ ਸਮੇਂ ਦਾ ਸਦ-ਉਪਯੋਗ ਕਰਨ ਲਈ ਪ੍ਰੇਰਿਤ ਕਰਦੇ ਹਨ।

## ਐਨ.ਐਸ.ਐਸ. (ਰਾਸ਼ਟਰੀ ਸੇਵਾ ਯੋਜਨਾ)

ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਰਵ-ਪੱਖੀ ਵਿਕਾਸ ਹਿੱਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦਾ ਵਿਭਾਗ ਸਥਾਪਿਤ ਕੀਤਾ ਹੋਇਆ ਹੈ ਜੋ ਉਨ੍ਹਾਂ ਵਿੱਚ ਨਿਮਰਤਾ, ਹਿੰਮਤ, ਸੇਵਾ, ਲਗਨ ਅਤੇ ਸਹਿਯੋਗ ਜਿਹੇ ਮਾਨਵੀ ਗੁਣਾਂ ਦਾ ਨਿਰਮਾਣ ਕਰਕੇ ਸਮਾਜਿਕ ਬੁਰਾਈਆਂ ਵਿਰੁੱਧ ਚੇਤਨਤਾ ਪੈਦਾ ਕਰਦਾ ਹੈ ਅਤੇ ਆਦਰਸ਼ ਨਾਗਰਿਕ ਬਨਣ ਦੀ ਪ੍ਰੇਰਨਾ ਦਿੰਦਾ ਹੈ। ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦੇ ਪੰਜ ਯੂਨਿਟ ਹਨ (3 ਯੂਨਿਟ ਲੜਕਿਆਂ ਦੇ ਅਤੇ ਦੋ ਯੂਨਿਟ ਲੜਕੀਆਂ) ਹਰ ਯੂਨਿਟ ਵਿੱਚ ਵਿਦਿਆਰੀਆਂ ਦੀ ਗਿਣਤੀ 50 ਹੈ।

RAGGING

# ਐਨ.ਸੀ.ਸੀ. (ਰਾਸ਼ਟਰੀ ਕੈਡਿਟ ਕੋਰ)

ਕਾਲਜ ਵਿੱਚ ਲੜਕਿਆਂ ਲਈ ਐਨ.ਸੀ.ਸੀ. ਹੈ। ਇਨ੍ਹਾਂ ਨੂੰ ਬੀ ਅਤੇ ਸੀ. ਸਰਟੀਫਿਕੇਟ ਦਾ ਇਮਤਿਹਾਨ ਦਿਵਾਇਆ ਜਾਂਦਾ ਹੈ। ਇਹ
ਸਰਟੀਫਿਕੇਟ ਪਾਸ ਵਿਦਿਆਰਥੀਆਂ ਨੂੰ ਅੱਗੇ ਹੋਰ ਉਚੇਰੀ ਪੜ੍ਹਾਈ ਅਤੇ ਨੌਕਰੀ ਪ੍ਰਾਪਤ ਕਰਨ ਵਿੱਚ ਪਹਿਲ ਮਿਲਦੀ ਹੈ। ਸਰਟੀਫਿਕੇਟ
ਪ੍ਰਾਪਤ ਵਿਦਿਆਰਥੀਆਂ ਨੂੰ ਫੌਜ ਵਿੱਚ ਭਰਤੀ ਹੋਣ ਸਮੇਂ ਲਿਖਤੀ ਪ੍ਰਵੇਸ਼ ਪ੍ਰੀਖਿਆ ਪਾਸ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਸੋਲਜਰ
ਅਤੇ ਜਨਰਲ ਅਤੇ ਟੈਕਨੀਕਲ ਸ਼੍ਰੇਣੀਆਂ ਵਿੱਚ ਭਰਤੀ ਹੋਣ ਸਮੇਂ ਬੋਨਸ ਅੰਕ ਦਿੱਤੇ ਜਾਣ ਦੀ ਵਿਵਸਥਾ ਹੈ।

# ਰੈਡ ਕਰਾਸ ਯੂਨਿਟ

ਕਾਲਜ ਵਿੱਚ ਇੱਕ ਰੈਡ-ਕਰਾਸ ਯੂਨਿਟ ਸਥਾਪਿਤ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਸਮਾਜ ਤੇ ਕੌਮੀ ਸੇਵਾ ਦੀ ਲਗਨ ਤੇ
ਮਹਾਨਤਾ ਨਾਲ ਸਬੰਧਿਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਦਾ ਹੈ ਅਤੇ ਆਪਣੀ ਸ਼ਖਸੀਅਤ ਦੇ ਨਿਖਾਰ ਤੇ ਵਿਕਾਸ ਲਈ ਵੀ
ਅਵਸਰ ਮਿਲਦੇ ਹਨ।

# ਪੀ.ਟੀ.ਏ.

ਕਾਲਜ ਵਿੱਚ ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਮਾਪੇ ਅਧਿਆਪਕ ਐਸੋਸੀਏਸ਼ਨ (ਪੀ.ਟੀ.ਏ.) ਕੰਮ ਕਰ ਰਹੀ ਹੈ। ਜਿਸ ਲਈ
ਅਧਿਆਪਕ ਵਿਦਿਆਰਥੀ ਅਤੇ ਮਾਪੇ ਮਿਲ ਕੇ ਫੰਡ ਜਮ੍ਹਾਂ ਕਰਦੇ ਹਨ। ਇਹ ਫੰਡ ਵਿਦਿਆਰਥੀਆਂ ਦੀ ਭਲਾਈ ਅਤੇ ਸੰਸਥਾ ਦੀ ਬੇਹਤਰੀ
ਲਈ ਵਰਤਿਆ ਜਾਂਦਾ ਹੈ। ਪੀ.ਟੀ.ਏ. ਕਾਲਜ ਦੇ ਸਰਬਪੱਖੀ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਿਚ ਯਤਨਸ਼ੀਲ ਹੈ।

# ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (HEIS)

ਕਾਲਜ ਵਿੱਚ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ ਕਾਰਜਸ਼ੀਲ ਹੈ। ਜਿਸਦੇ ਸਹਿਯੋਗ ਨਾਲ ਐਮ.ਐਸ.ਸੀ.
(ਕੈਮਿਸਟਰੀ), ਐਮ.ਏ. (ਅੰਗਰੇਜ਼ੀ) ਅਤੇ ਬੀ.ਐਸ.ਸੀ. (ਐਗਰੀਕਲਚਰ), ਬੀ.ਸੀ.ਏ. ਕੋਰਸਾਂ ਨੂੰ ਸਫਲਤਾ ਪੂਰਵਕ ਚਲਾਇਆ ਜਾ ਰਿਹਾ ਹੈ।

# ਬ੍ਰਿਜਿੰਦਰ ਅਲੂਮਿਨੀ ਲੈਕਚਰਾਰਜ਼ ਐਸੋਸੀਏਸ਼ਨ (OSA)

ਕਾਲਜ ਦੇ ਸੇਵਾ ਮੁਕਤ ਹੋਏ ਪ੍ਰੋਫੈਸਰ ਅਤੇ ਪ੍ਰਿੰਸੀਪਲ ਸਾਹਿਬਾਨ ਨੇ **BALA** ਨਾਮ ਦੀ ਸੰਸਥਾ ਦਾ ਗਠਨ ਕੀਤਾ ਹੈ। ਇਸ ਦੇ
ਮੈਂਬਰਾਂ ਦੇ ਤਜਰਬੇ ਤੋਂ ਕਾਲਜ ਭਰਪੂਰ ਲਾਭ ਉਠਾ ਰਿਹਾ ਹੈ। ਇਹ ਸੰਸਥਾ ਕਾਲਜ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ
ਯਤਨਸ਼ੀਲ ਹੈ।

# ਓਲਡ ਸਟੂਡੈਂਟ ਐਸੋਸੀਏਸ਼ਨ

ਇਹ ਐਸੋਸੀਏਸ਼ਨ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀ ਜੋ ਵਿਦਿਅਕ, ਸਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ
ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਕਰਦੇ ਹਨ, ਨੂੰ ਵਿਤੀ ਸਹਾਇਤਾ ਤੇ ਸਨਮਾਨ ਪ੍ਰਦਾਨ ਕਰਦੀ ਹੈ। ਕਾਲਜ ਦੇ ਸਰਬਪੱਖੀ ਵਿਕਾਸ ਵਿਚ ਇਸ
ਸੰਸਥਾ ਦਾ ਅਹਿਮ ਯੋਗਦਾਨ ਹੈ।

# ਬ੍ਰਿਜਿੰਦਰਾ ਸੱਭਿਆਚਾਰਕ ਮੰਚ

ਕਾਲਜ ਵਿੱਚ ਸਭਿਆਚਾਰ ਅਤੇ ਸਾਹਿਤਕ ਗਤੀਵਿਧੀਆਂ ਲਈ ਬ੍ਰਿਜਿੰਦਰਾ ਸਭਿਆਚਾਰਕ ਮੰਚ ਦੀ ਸਥਾਪਨਾ ਕੀਤੀ ਗਈ ਹੈ।
ਕਾਲਜ ਵਿੱਚ ਵਿਦਿਆਰਥੀਆਂ ਵੱਲੋਂ ਹੋਣ ਵਾਲੇ ਸਾਰੇ ਸਮਾਗਮ ਇਸ ਮੰਚ ਦੇ ਬੈਨਰ ਹੇਠ ਕੀਤੇ ਜਾਂਦੇ ਹਨ।

# ਕਾਲਜ ਮੈਗਜ਼ੀਨ "ਬ੍ਰਿਜਿੰਦਰ"

ਕਾਲਜ ਮੈਗਜ਼ੀਨ 'ਬ੍ਰਿਜਿੰਦਰ' ਦੇ ਪੰਜਾਬੀ, ਹਿੰਦੀ, ਅੰਗਰੇਜ਼ੀ, ਸਾਇੰਸ, ਕਾਮਰਸ, ਖੇਤੀਬਾੜੀ ਅਤੇ ਸੋਸ਼ਲ ਸਾਇੰਸਿਜ਼ ਦੇ ਵਿਭਿੰਨ
ਵਿਭਾਗ ਹਨ ਜਿਨ੍ਹਾਂ ਦੇ ਅਧਿਆਪਕ ਸੰਪਾਦਕਾਂ ਦੀ ਸੂਚੀ ਵੱਖਰੀ ਦਿੱਤੀ ਗਈ ਹੈ। ਵਿਦਿਆਰਥੀ ਸੰਪਾਦਕ ਯੋਗਤਾ ਦੇ ਆਧਾਰ ਤੇ ਨਿਯੁਕਤ
ਕੀਤੇ ਜਾਂਦੇ ਹਨ। ਜਿਸਦਾ ਨਿਰਣਾ ਵਿਦਿਆਰਥੀਆਂ ਵੱਲੋਂ ਆਪਣੇ ਕੋਰਸ 'ਚ ਲਏ ਗਏ ਵਿਸ਼ਿਆਂ, ਉਸ ਦੀਆਂ ਪ੍ਰਕਾਸ਼ਿਤ ਰਚਨਾਵਾਂ ਅਤੇ
ਲਿਖਤੀ ਪ੍ਰੀਖਿਆ ਦੁਆਰਾ ਕੀਤਾ ਜਾਂਦਾ ਹੈ।

# ਬੈਂਕ ਸਹੂਲਤ

ਵਿਦਿਆਰਥੀਆਂ ਨੂੰ ਬੱਚਤ ਦੀ ਆਦਤ ਪਾਉਣ ਲਈ ਅਤੇ ਸਟਾਫ਼ ਤੇ ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਪੰਜਾਬ
ਐਂਡ ਸਿੰਧ ਬੈਂਕ ਦੀ ਸ਼ਾਖਾ ਕੰਮ ਕਰ ਰਹੀ ਹੈ ਜੋ ਕਾਲਜ ਹੋਸਟਲ ਦੇ ਨਾਲ ਚਹਿਲ ਰੋਡ ਤੇ ਸਥਿਤ ਹੈ।

# ਬੱਸ ਪਾਸ ਸਬੰਧੀ ਨਿਯਮ

1. ਬੱਸ ਪਾਸ ਜਾਰੀ ਕਰਨ ਲਈ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੀ ਸਿਫਾਰਸ਼ ਹਰ ਮਹੀਨੇ ਦੀ 25 ਤਾਰੀਖ ਤੱਕ ਹੀ ਕੀਤੀ ਜਾਵੇਗੀ
ਅਤੇ ਪੀ.ਆਰ.ਟੀ.ਸੀ. ਵੱਲੋਂ ਇਹ ਪਾਸ ਅਗਲੇ ਮਹੀਨੇ ਦੀ 5 ਜਾਂ 7 ਤਾਰੀਖ ਨੂੰ ਜਾਰੀ ਕੀਤੇ ਜਾਣਗੇ। 7 ਤਾਰੀਖ ਤੋਂ ਬਾਅਦ ਕੋਈ ਵੀ
ਪਾਸ ਜਾਰੀ ਨਹੀਂ ਕੀਤਾ ਜਾਵੇਗਾ। ਪਹਿਲਾਂ ਤੋਂ ਨਿਰਧਾਰਿਤ ਛੁੱਟੀਆਂ ਆਦਿ ਦੇ ਦਿਨਾਂ ਦੌਰਾਨ ਟੁੱਟਵੇਂ ਪਾਸ ਬਣਵਾਉਣ ਦੀ ਕੋਈ
ਵੀ ਸਿਫਾਰਿਸ਼ ਨਹੀਂ ਕੀਤੀ ਜਾਵੇਗੀ ਅਤੇ ਬੱਸ ਪਾਸ ਦੀ ਸਿਫਾਰਿਸ਼ ਕੇਵਲ ਇੱਕ ਮਹੀਨਾ, ਦੋ ਮਹੀਨੇ ਅਤੇ 3 ਮਹੀਨੇ ਲਈ ਹੀ ਕੀਤੀ
ਜਾਵੇਗੀ।

2. ਵਿਦਿਆਰਥੀਆਂ ਨੂੰ ਆਪਣਾ ਬੱਸ ਪਾਸ ਸਮੇਂ ਸਿਰ ਰਿਨਿਊ ਕਰਵਾਉਣਾ ਪਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਲੇਟ ਅਰਜੀ ਦੇਣ ਵਾਲੇ ਵਿਦਿਆਰਥੀ ਦੀ ਅਰਜੀ ਤੇ ਉਸਦੇ ਪਿਛਲੇ ਪਾਸੇ ਬੱਸ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਰਿਨਿਊ ਕਰਨ ਦੀ ਸਿਫਾਰਿਸ਼ ਕੀਤੀ ਜਾਵੇਗੀ।
3. ਇਹ ਵਿਦਿਆਰਥੀ ਦੀ ਨਿਜੀ ਜਿੰਮੇਵਾਰੀ ਹੋਵੇਗੀ ਕਿ ਲੋੜ ਨਾ ਹੋਣ ਤੇ ਉਹ ਕਾਲਜ ਦੇ ਮੁਖੀ ਤੋਂ ਸਿਫਾਰਿਸ਼ ਕਰਵਾ ਕੇ ਬੱਸ ਪਾਸ ਪੀ.ਆਰ.ਟੀ.ਸੀ. ਦੇ ਦਫਤਰ ਵਿੱਚ ਜਮ੍ਹਾਂ ਕਰਵਾਉਣਗੇ।

(ਹਵਾਲਾ: ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਚੰਡੀਗੜ੍ਹ ਦੇ ਪੱਤਰ ਨੰਬਰ 687/ਪੀ.ਆਰ.ਟੀ.ਸੀ. /ਬਜਟ ਮਿਤੀ: 6-01-2009, ਜੋ ਕਿ ਡਾਇਰੈਕਟਰ ਸਿੱਖਿਆ ਵਿਭਾਗ, (ਕਾਲਜਾਂ), ਪੰਜਾਬ, ਚੰਡੀਗੜ੍ਹ ਦੇ ਦਫਤਰ ਦੇ ਪਿੱਠ ਅੰਕਣ ਨੰਬਰ 22/32-94 ਕਾ.ਐਜ (3)/288-639 ਮਿਤੀ: 16-03-2009 ਰਾਹੀਂ ਪ੍ਰਾਪਤ ਹੋਇਆ ਹੈ।

## ਕਾਲਜ ਛੱਡਣ ਸਬੰਧੀ ਨਿਯਮ

ਜਿਹੜਾ ਵਿਦਿਆਰਥੀ ਕਾਲਜ ਛੱਡਣਾ ਚਾਹੇ, ਉਹ ਕਾਲਜ ਪ੍ਰਿੰਸੀਪਲ ਨੂੰ ਲਿਖਤੀ ਪੱਤਰ ਦੇਵੇਗਾ, ਜਿਸ ਉਪਰ ਉਸ ਦੇ ਮਾਤਾ/ਪਿਤਾ/ਸਰਪ੍ਰਸਤ ਦੇ ਹਸਤਾਖਰ ਹੋਣੇ ਚਾਹੀਦੇ ਹਨ। ਉਸ ਨੂੰ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਦੀ ਫੀਸ, ਲਾਇਬਰੇਰੀ ਦੀਆਂ ਕਿਤਾਬਾਂ ਦੀ ਵਾਪਸੀ ਅਤੇ ਹੋਰ ਸਾਰੇ ਹਿਸਾਬ ਚੁਕਾਉਣੇ ਹੋਣਗੇ। ਕਾਲਜ ਵੱਲੋਂ ਸਿਕਿਉਰਿਟੀ ਤੋਂ ਇਲਾਵਾ ਹੋਰ ਕੋਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ।

## ਜੁਰਮਾਨੇ ਦੇ ਨਿਯਮ

1. ਬਿਨ੍ਹਾਂ ਆਗਿਆ ਕਾਲਜ ਵਿੱਚੋਂ ਗੈਰ-ਹਾਜਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਪ੍ਰਤੀ ਪੀਰੀਅਡ 25 ਪੈਸੇ ਅਤੇ ਇੱਕ ਤੋਂ ਵੱਧ ਪੀਰੀਅਡਾਂ ਲਈ ਪ੍ਰਤੀ ਦਿਨ 50 ਪੈਸੇ ਜੁਰਮਾਨਾ ਲੱਗਦਾ ਹੈ। ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਆਏ ਪੱਤਰਾਂ ਅਨੁਸਾਰ ਜੁਰਮਾਨਾ ਬਦਲ ਸਕਦਾ ਹੈ।
2. ਅਨੁਸ਼ਾਸਨ ਹੀਣਤਾ ਜਾਂ ਕਾਲਜ ਦੀ ਸੰਪੱਤੀ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਦੀ ਸੂਰਤ ਵਿੱਚ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ, ਜਿਸ ਦਾ ਫੈਸਲਾ ਅਨੁਸ਼ਾਸਨ ਕਮੇਟੀ ਕਰੇਗੀ।

## ਫ਼ੀਸ ਅਦਾਇਗੀ ਦੇ ਨਿਯਮ

ਫੀਸਾਂ ਅਤੇ ਫੰਡਾਂ ਦੀ ਅਦਾਇਗੀ ਨਿਯਤ ਸਮੇਂ ਕੀਤੀ ਜਾਵੇ, ਨਹੀਂ ਤਾਂ ਵਿਦਿਆਰਥੀ ਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਫਿਰ ਬਕਾਏ ਦੇ ਨਾਲ ਮੁੜ ਦਾਖਲਾ ਫੀਸ ਦੇਣੀ ਪਵੇਗੀ। ਲਾਇਬਰੇਰੀ ਅਤੇ ਹੋਸਟਲ ਦੀ ਸਿਕਿਉਰਿਟੀ ਜੇ ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ ਨਾ ਲਈ ਜਾਵੇ ਤਾਂ ਇਹ ਜਬਤ ਹੋ ਜਾਵੇਗੀ। **ਇੱਕ ਵਾਰ ਦਿੱਤੀ ਫੀਸ ਵਾਪਸ ਨਹੀਂ ਹੁੰਦੀ।** ਫੀਸ ਨਿਯਤ ਮਿਤੀ ਤੱਕ ਜਮ੍ਹਾਂ ਨਾ ਕਰਾਉਣ ਦੀ ਸੂਰਤ ਵਿੱਚ ਸਰਕਾਰੀ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ। **ਯੂਨੀਵਰਸਿਟੀ ਇਮਤਿਹਾਨ ਦੀ ਦਾਖਲਾ ਫੀਸ ਨਿਸਚਿਤ ਮਿਤੀ ਤੱਕ ਭਰਨੀ ਜਰੂਰੀ ਹੈ ਨਹੀਂ ਤਾਂ ਦਾਖਲਾ ਫਾਰਮ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ। ਇਸ ਦੀ ਜਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।**

## ਪੁਨਰ ਦਾਖਲਾ (ਰੀ-ਐਡਮੀਸ਼ਨ)

ਯੂਨੀਵਰਸਿਟੀ ਨਿਯਮਾਂ ਅਨੁਸਾਰ 10 ਦਿਨ ਲਗਾਤਾਰ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਂ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਨਾਮ ਕੱਟਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਪ੍ਰਿੰਸੀਪਲ ਦੀ ਆਗਿਆ ਨਾਲ ਪੁਨਰ ਦਾਖਲਾ ਫੀਸ ਭਰਨ ਉਪਰੰਤ ਹੀ ਪੁਨਰ ਦਾਖਲਾ ਕੀਤਾ ਜਾਵੇਗਾ। ਪੁਨਰ ਦਾਖਲਾ ਕੇਵਲ ਦੋ ਵਾਰ ਹੀ ਸੰਭਵ ਹੈ। ਇਸ ਤੋਂ ਬਾਅਦ ਵਿਦਿਆਰਥੀ ਦਾ ਨਾਂ ਪੱਕੇ ਤੌਰ ਤੇ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।

## ਛੁੱਟੀ ਬਾਰੇ ਸੂਚਨਾ

1. ਕਾਲਜ ਤੋਂ ਛੁੱਟੀ ਲੈਣ ਲਈ ਅਰਜੀ ਨਿਰਧਾਰਿਤ ਫਾਰਮ ਤੇ ਸੰਬੰਧਤ ਟਿਊਟਰ ਰਾਹੀਂ ਪ੍ਰਿੰਸੀਪਲ ਦੀ ਆਗਿਆ ਨਾਲ ਦਫਤਰ ਵਿੱਚ ਪੇਸ਼ ਕੀਤੀ ਜਾਵੇ। ਛੁੱਟੀ ਦਾ ਫਾਰਮ ਦਫਤਰ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ।
2. ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀ ਦੇ ਮਾਮਲੇ ਵਿੱਚ ਛੁੱਟੀ ਦੀ ਅਰਜੀ ਤੇ ਹੋਸਟਲ ਵਾਰਡਨ ਦੀ ਸਿਫਾਰਿਸ਼ ਕੀਤੀ ਹੋਣੀ ਲਾਜਮੀ ਹੈ ਅਤੇ ਦੂਸਰੇ ਵਿਦਿਆਰਥੀਆਂ ਦੇ ਸੰਬੰਧ ਵਿੱਚ ਮਾਤਾ/ਪਿਤਾ/ ਸਰਪ੍ਰਸਤ ਵੱਲੋਂ।
3. **ਛੁੱਟੀ ਲੈਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਉਸ ਨੂੰ ਗੈਰ ਹਾਜਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸੰਬੰਧ ਹਾਜ਼ਰੀ ਤੋਂ ਛੋਟ ਨਾਲ ਨਹੀਂ ਹੈ।**
4. ਕਾਲਜ ਨਾਲ ਸੰਬੰਧਤ ਕਿਸੇ ਸਰਗਰਮੀ ਵਿੱਚ ਭਾਗ ਲੈਣ ਲਈ ਭੇਜੇ ਗਏ ਵਿਦਿਆਰਥੀ ਸੰਬੰਧਤ ਇੰਚਾਰਜ/ਪ੍ਰੋਫੈਸਰ ਦੀ ਸਿਫਾਰਿਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜੀ ਮੰਜੂਰ ਕਰਵਾਉਣ ਲਈ ਟਿਊਟਰ ਨੂੰ ਦੇਣ।
5. ਛੁੱਟੀ ਜਾਣ ਤੋਂ ਪਹਿਲਾਂ ਵਿਦਿਆਰਥੀ ਆਪਣੇ ਵਿਸ਼ਿਆਂ ਨਾਲ ਸੰਬੰਧਤ ਲੈਕਚਰਾਰ ਸਾਹਿਬਾਨ ਨੂੰ ਨੋਟ ਕਰਵਾ ਕੇ ਜਾਣ।

6. ਵੱਖ-ਵੱਖ ਸਰਗਰਮੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਛੁੱਟੀ ਦੇ ਬਿਨੈ-ਪੱਤਰ ਦੀ ਫੋਟੋਕਾਪੀ ਵੀ ਇੰਚਾਰਜ ਅਤੇ ਟਿਊਟਰ ਦੇ ਹਸਤਾਖਰ ਕਰਵਾ ਕੇ ਆਪਣੇ ਪਾਸ ਰੱਖਣ। ਇਸ ਤੋਂ ਬਿਨ੍ਹਾਂ ਹਾਜ਼ਰੀ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਹਾਜ਼ਰੀਆਂ ਦੀ ਸਹੂਲੀਅਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਿਤ ਵਿਦਿਆਰਥੀ ਨੂੰ ਮਿਲਦੀ ਹੈ।

## ਘਰੇਲੂ ਪ੍ਰੀਖਿਆਵਾਂ ਸਬੰਧੀ ਨਿਯਮ

ਪਹਿਲੇ, ਤੀਜੇ, ਪੰਜਵੇਂ ਅਤੇ ਸੱਤਵੇਂ ਸਮੈਸਟਰ ਪ੍ਣਾਲੀ ਦੀਆਂ ਘਰੇਲੂ ਪ੍ਰੀਖਿਆਵਾਂ ਅੰਦਾਜ਼ਨ ਸਤੰਬਰ ਦੇ ਦੂਜੇ ਹਫਤੇ ਅਤੇ ਨਵੰਬਰ ਦੇ ਪਹਿਲੇ ਹਫਤੇ ਹੋਣਗੀਆਂ। ਦੂਜੇ, ਚੌਥੇ ਅਤੇ ਅੱਠਵੇਂ ਸਮੈਸਟਰ ਦੀਆਂ ਪ੍ਰੀਖਿਆਵਾਂ ਮਾਰਚ ਦੇ ਦੂਜੇ ਹਫਤੇ ਅਤੇ ਅਪ੍ਰੈਲ ਦੇ ਦੂਜੇ ਹਫਤੇ ਵਿੱਚ ਹੋਣਗੀਆਂ। ਇਹਨਾਂ ਪ੍ਰੀਖਿਆਵਾਂ ਦੇ ਅਧਾਰ ਤੇ ਯੂਨੀਵਰਸਿਟੀ ਦੀ ਪ੍ਰੀਖਿਆ ਲਈ ਦਾਖਲਾ ਭੇਜਿਆ ਜਾਵੇਗਾ। ਇਸ ਸਬੰਧੀ ਨਿਯਮ ਇਸ ਪ੍ਰਕਾਰ ਹੋਣਗੇ :-

1. ਬੀ.ਏ./ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ)/ਬੀ.ਕਾਮ. ਭਾਗ ਪਹਿਲਾ, ਦੂਜਾ, ਤੀਜਾ ਅਤੇ ਬੀ.ਐਸ.ਸੀ. (ਖੇਤੀਬਾੜੀ) ਭਾਗ ਪਹਿਲਾ, ਦੂਜਾ, ਤੀਜਾ ਅਤੇ ਚੌਥਾ ਵਿੱਚ ਪੜ੍ਹਦੇ ਵਿਦਿਆਰਥੀ ਯੂਨੀਵਰਸਿਟੀ ਦੀ ਸਲਾਨਾ ਪ੍ਰੀਖਿਆ ਵਿੱਚ ਤਦ ਹੀ ਬੈਠ ਸਕਦੇ ਹਨ ਜੇਕਰ ਉਹਨਾਂ ਘਰੇਲੂ ਪ੍ਰੀਖਿਆਵਾਂ ਵਿੱਚੋਂ ਸਾਰੇ ਵਿਸ਼ਿਆਂ ਦੇ ਕੁੱਲ ਅੰਕਾਂ ਵਿੱਚੋਂ ਘੱਟੋ-ਘੱਟ 33 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ ਜਾਂ ਵੱਖ-ਵੱਖ ਵਿਸ਼ਿਆਂ ਵਿੱਚੋਂ ਘੱਟੋ-ਘੱਟ 25 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ।
2. ਜੋ ਵਿਦਿਆਰਥੀ ਅਚੂਕ ਕਾਰਨਾਂ ਕਰਕੇ ਇਸ ਘਰੇਲੂ ਪ੍ਰੀਖਿਆ ਵਿੱਚ ਨਹੀਂ ਬੈਠ ਸਕਣਗੇ ਜਾਂ ਉਹ ਉੱਪਰ ਲਿਖੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ, ਉਹਨਾਂ ਲਈ ਜੇ ਪ੍ਰਿੰਸੀਪਲ ਚਾਹੁਣ ਤਾਂ ਇੱਕ ਵਿਸ਼ੇਸ਼ ਪ੍ਰੀਖਿਆ (ਸਪੈਸ਼ਲ ਟੈਸਟ) ਦਾ ਮੌਕਾ ਦਿੱਤਾ ਜਾ ਸਕਦਾ ਹੈ। ਵਿਦਿਆਰਥੀ ਨੂੰ ਕਾਲਜ ਵੱਲੋਂ ਸਪੈਸ਼ਲ ਟੈਸਟ ਦੀ ਨਿਰਧਾਰਤ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ। ਪਰ ਸਲਾਨਾ ਪ੍ਰੀਖਿਆ ਵਿੱਚ ਬੈਠਣ ਦੀਆਂ ਸ਼ਰਤਾਂ ਉੱਪਰ ਲਿਖੀਆਂ ਹੀ ਹੋਣਗੀਆਂ।
3. ਘਰੇਲੂ ਪ੍ਰੀਖਿਆ ਸਮੇਂ ਛੁੱਟੀ ਕੇਵਲ ਬਿਮਾਰੀ ਦੀ ਹਾਲਤ ਵਿੱਚ ਹੀ ਦਿੱਤੀ ਜਾਵੇਗੀ। ਇਸ ਲਈ ਅਰਜ਼ੀ ਨਾਲ ਮੈਡੀਕਲ ਅਫ਼ਸਰ ਦਾ ਪ੍ਰਮਾਣ-ਪੱਤਰ ਲਗਾ ਕੇ ਛੁੱਟੀ ਕੇਵਲ ਪ੍ਰਿੰਸੀਪਲ ਤੋਂ ਅਡਵਾਂਸ ਵਿੱਚ ਮਨਜ਼ੂਰ ਕਰਵਾਈ ਜਾਵੇ। ਇਹ ਸੂਚਨਾ ਤੁਰੰਤ ਪ੍ਰੀਖਿਆ ਦੌਰਾਨ ਹੀ ਦਿੱਤੀ ਜਾਵੇ। ਬਿਮਾਰੀ ਦੀ ਛੁੱਟੀ ਕਾਰਨ ਇਮਤਿਹਾਨਾਂ ਦੀ ਕੰਡੀਸ਼ਨਾਂ ਵਿੱਚ ਛੋਟ ਨਹੀਂ ਹੋਵੇਗੀ।
4. ਛੁੱਟੀ ਲਏ ਬਿਨਾਂ ਘਰੇਲੂ ਪ੍ਰੀਖਿਆਵਾਂ ਵਿੱਚ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ ਪ੍ਰਤੀ ਪਰਚਾ ਕਾਲਜ ਵੱਲੋਂ ਨਿਸ਼ਚਿਤ ਕੀਤਾ ਗਿਆ ਜੁਰਮਾਨਾ ਦੇਣਾ ਪਵੇਗਾ।
5. ਘਰੇਲੂ ਪ੍ਰੀਖਿਆ ਅਤੇ ਸਪੈਸ਼ਲ ਪ੍ਰੀਖਿਆ ਵਿੱਚ ਨਕਲ ਕਰਨ ਵਾਲੇ ਵਿਦਿਆਰਥੀ ਦਾ ਕੇਸ ਯੂ.ਐਮ.ਸੀ. ਕਮੇਟੀ ਕੋਲ ਅਗਲੇਰੀ ਕਾਰਵਾਈ ਲਈ ਭੇਜਿਆ ਜਾਵੇਗਾ ਅਤੇ ਉਸ ਨੂੰ ਕਾਲਜ ਵੱਲੋਂ ਦਿੱਤੀਆਂ ਰਿਆਇਤਾਂ (ਫੀਸਾਂ ਅਤੇ ਵਜ਼ੀਫੇ ਆਦਿ) ਖਤਮ ਕਰ ਦਿੱਤੀਆਂ ਜਾਣਗੀਆਂ।
6. ਜਿਹਨਾਂ ਵਿਦਿਆਰਥੀਆਂ ਦੇ ਨਾਮ ਕੱਟੇ ਗਏ ਹਨ ਉਹਨਾਂ ਵਿਦਿਆਰਥੀਆਂ ਲਈ ਘਰੇਲੂ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 10 ਦਿਨ ਪਹਿਲਾਂ ਪੁਨਰ-ਦਾਖਲਾ ਕਰਵਾਉਣਾ ਲਾਜ਼ਮੀ ਹੋਵੇਗਾ। ਨਹੀਂ ਤਾਂ ਉਹਨਾਂ ਨੂੰ ਘਰੇਲੂ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਹੋਵੇਗੀ।

## ਹਾਜ਼ਰੀਆਂ ਸਬੰਧੀ ਨਿਯਮ

1. ਹਰ ਵਿਦਿਆਰਥੀ ਲਈ ਥਿਊਰੀ ਅਤੇ ਪ੍ਰੈਕਟੀਕਲ ਵਿੱਚ 75 ਪ੍ਰਤੀਸ਼ਤ ਹਾਜ਼ਰੀਆਂ ਜ਼ਰੂਰੀ ਹਨ। ਜੇ ਥਿਊਰੀ ਵਿੱਚ 15 ਪ੍ਰਤੀਸ਼ਤ ਤੋਂ ਵੱਧ ਅਤੇ ਪ੍ਰੈਕਟੀਕਲ ਵਿੱਚ 7 ਪ੍ਰਤੀਸ਼ਤ ਤੋਂ ਵੱਧ ਲੈਕਚਰ ਘੱਟ ਹੋਣ ਤਾਂ ਉਹ ਵਿਦਿਆਰਥੀ ਯੂਨੀਵਰਸਿਟੀ ਦੀ ਪ੍ਰੀਖਿਆ ਨਹੀਂ ਦੇ ਸਕੇਗਾ।
2. ਪ੍ਰਿੰਸੀਪਲ ਨੂੰ ਕੁੱਝ ਖਾਸ ਕਾਰਨਾਂ ਕਰਕੇ ਘੱਟ ਹਾਜ਼ਰੀਆਂ ਨੂੰ ਪੂਰਾ ਕਰਨ ਦਾ ਅਧਿਕਾਰ ਹੈ ਪਰ ਇਸ ਛੋਟ ਲਈ ਵਿਦਿਆਰਥੀ ਦੇ ਘੱਟੋ-ਘੱਟ 50 ਪ੍ਰਤੀਸ਼ਤ ਲੈਕਚਰ ਹੋਣੇ ਜ਼ਰੂਰੀ ਹਨ। ਇਸ ਮੱਦ ਅਧੀਨ ਪ੍ਰਿੰਸੀਪਲ ਕੇਵਲ 12 ਪ੍ਰਤੀਸ਼ਤ ਲੈਕਚਰ ਮੁਆਫ਼ ਕਰ ਸਕਦੇ ਹਨ।
3. ਛੁੱਟੀ ਲੈਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਉਸਨੂੰ ਗੈਰ-ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸਬੰਧ ਹਾਜ਼ਰੀਆਂ ਦੀ ਛੋਟ ਨਾਲ ਨਹੀਂ ਹੈ। ਲੈਕਚਰ ਸਾਰਟੇਜ਼ ਬਾਰੇ ਸੂਚਨਾ ਸਮੇਂ-ਸਿਰ ਦਿੱਤੀ ਜਾਵੇਗੀ ਅਤੇ ਘੱਟ ਲੈਕਚਰ ਵਾਲੇ ਵਿਦਿਆਰਥੀ ਦਾ ਰੋਲ ਨੰਬਰ ਰੋਕ ਲਿਆ ਜਾਵੇਗਾ।

# ਇਨਾਮਾਂ ਸਬੰਧੀ ਨਿਯਮ

**ਯੂਨੀਵਰਸਿਟੀ ਪ੍ਰੀਖਿਆਵਾਂ ਦੇ ਆਧਾਰ ਤੇ :-**

ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚੋਂ, ਕਾਲਜ ਵਿੱਚੋਂ 60 ਪ੍ਰਤੀਸ਼ਤ ਤੋਂ ਵੱਧ ਅੰਕ ਕੁੱਲ ਜੋੜ (ਐਗਰੀਗੇਟ ਅਤੇ ਵੱਖ-ਵੱਖ ਵਿਸ਼ਿਆਂ) ਵਿੱਚ (ਪਹਿਲਾ ਅਤੇ ਦੂਜਾ ਸਥਾਨ) ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇਨਾਮ ਦਿੱਤੇ ਜਾਣਗੇ।

## ਕਾਲਜ ਪੁਰਸਕਾਰ

### ਰੋਲ ਆਫ਼ ਆਨਰ

1. ਜਿਹੜੇ ਵਿਦਿਆਰਥੀ ਵਿੱਦਿਅਕ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ, ਰਾਸ਼ਟਰੀ ਸੇਵਾ ਯੋਜਨਾ, ਐਨ.ਸੀ.ਸੀ. ਅਤੇ ਰੈੱਡ ਕਰਾਸ ਆਦਿ ਖੇਤਰ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਦੇ ਹਨ, ਉਹਨਾਂ ਦੇ ਨਾਮ ਕਾਲਜ ਦੇ ਰੋਲ ਆਫ਼ ਆਨਰ ਪੁਸਤਕ ਵਿੱਚ ਅੰਕਿਤ ਕੀਤੇ ਜਾਂਦੇ ਹਨ ਜਾਂ ਉਹਨਾਂ ਨੂੰ ਕਾਲਜ ਕਲਰ ਪ੍ਰਦਾਨ ਕੀਤੇ ਜਾਂਦੇ ਹਨ। ਇਹਨਾਂ ਲਈ ਹੇਠ ਲਿਖੇ ਨਿਯਮ ਲਾਗੂ ਹੋਣਗੇ।

**ੳ) ਅਕਾਦਮਿਕ**

1. ਸਾਲਾਨਾ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਬੀ.ਏ., ਬੀ.ਐਸ.ਸੀ. (ਮੈਡੀਕਲ, ਨਾਨ-ਮੈਡੀਕਲ, ਖੇਤੀਬਾੜੀ) ਬੀ.ਕਾਮ. ਐਮ.ਏ. (ਪੰਜਾਬੀ ਅਤੇ ਅਰਥ ਵਿਗਿਆਨ)/ਐਮ.ਐਸ.ਸੀ. (ਕੈਮਿਸਟਰੀ) ਦੀ ਹਰ ਕਲਾਸ ਵਿਚੋਂ ਯੂਨੀਵਰਸਿਟੀ ਵਿਚੋਂ ਹੇਠ ਲਿਖੇ ਅਨੁਸਾਰ ਪੋਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਰੋਲ ਆਫ਼ ਆਨਰ ਦਿੱਤੇ ਜਾਣਗੇ:
   - ੳ) ਖੇਤੀਬਾੜੀ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚੋਂ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।
   - ਅ) ਕਾਮਰਸ ਅਤੇ ਸਾਇੰਸ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।
   - ੲ) ਹਿਊਮੈਨਟੀਜ਼ ਗਰੁੱਪ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ ਪਹਿਲੇ ਦਸ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।
   - ਸ) ਐਮ.ਏ. (ਪੰਜਾਬੀ ਅਤੇ ਅਰਥ ਵਿਗਿਆਨ) ਅਤੇ ਐਮ.ਐਸ.ਸੀ. (ਕੈਮਿਸਟਰੀ) ਵਿੱਚੋਂ ਯੂਨੀਵਰਸਿਟੀ ਮੈਰਿਟ ਵਿੱਚੋਂ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

**ਅ) ਖੇਡਾਂ :**

1. ਇੰਟਰਨੈਸ਼ਨਲ ਜਾਂ ਵਿਸ਼ਵ ਅੰਤਰ ਯੂਨੀਵਰਸਿਟੀ ਮੁਕਾਬਲੇ ਲਈ ਕਿਸੇ ਟੀਮ ਦਾ ਮੈਂਬਰ ਜਾਂ ਵਿਅਕਤੀਗਤ ਖਿਡਾਰੀ।
2. ਰਾਸ਼ਟਰੀ/ਸਟੇਟ ਯੂਨੀਵਰਸਿਟੀ ਟੀਮ ਦਾ ਕਪਤਾਨ।
3. ਆਲ ਇੰਡੀਆ ਅੰਤਰ ਯੂਨੀਵਰਸਿਟੀ/ਨੈਸ਼ਨਲ ਪੱਧਰ ਤੇ ਹੋਣ ਵਾਲੇ ਟੀਮ ਮੁਕਾਬਲਿਆਂ ਵਿੱਚ (ਵਿਅਕਤੀਗਤ ਜਾਂ ਟੀਮ ਦਾ ਮੈਂਬਰ) ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ।
4. ਅਥਲੈਟਿਕਸ ਵਿੱਚ ਰਾਸ਼ਟਰੀ/ਅੰਤਰ-ਰਾਜੀ/ਯੂਨੀਵਰਸਿਟੀ/ਸਟੇਟ ਪੱਧਰ (ਪ੍ਰਵਾਨਿਤ) ਦੇ ਮੁਕਾਬਲੇ ਵਿੱਚ ਦਸ ਅੰਕ (ਰੀਲੇਅ ਤੋਂ ਬਿਨਾਂ) ਪ੍ਰਾਪਤ ਕਰਨ ਵਾਲਾ ਵਿਦਿਆਰਥੀ।

   ਨੋਟ: ਕੇਵਲ ਉਨ੍ਹਾਂ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਅੰਤਰ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਵਾਨ ਹੋਣਗੇ ਤੇ ਜਿਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਭੇਜਿਆ ਗਿਆ ਹੋਵੇ।

**(ੲ) ਸਭਿਆਚਾਰਕ ਗਤੀਵਿਧੀਆਂ :-**

1. ਅੰਤਰਵਰਸਿਟੀ/ਅੰਤਰ ਰਾਜ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ।
2. ਯੂਨੀਵਰਸਿਟੀ ਪੱਧਰ ਤੇ 2 ਗੋਲਡ ਮੈਡਲ ਲੈਣ ਵਾਲਾ ਵਿਦਿਆਰਥੀ।

ਸ) **ਰਾਸ਼ਟਰੀ ਸੇਵਾ ਯੋਜਨਾ :-**

1. ਅੰਤਰਵਰਸਿਟੀ/ਅੰਤਰ ਰਾਜੀ ਪੱਧਰੀ ਮੁਕਾਬਲਿਆਂ ਕੈਂਪ/ਇਕੱਤਰਤਾ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਲੰਟੀਅਰ।
2. ਗਣਤੰਤਰ ਦਿਵਸ ਪਰੇਡ ਦਿੱਲੀ ਵਿਖੇ ਭਾਗ ਲਿਆ ਹੋਵੇ।

ਹ) **ਐਨ.ਸੀ.ਸੀ. :-**

1. ਗਣਤੰਤਰ ਦਿਵਸ ਪਰੇਡ ਦਿੱਲੀ ਲਈ ਗਰੁੱਪ ਵਿੱਚ ਸ਼ਾਮਲ ਕੈਡਿਟ/ਥਲ ਸੈਨਾ ਕੈਂਪ ਵਿੱਚ ਸ਼ਾਮਲ ਕੈਡਿਟ।

ਕ) **ਯੂਥ ਰੈਡ ਕਰਾਸ ਯੂਨਿਟ :-**

1. ਅੰਤਰਵਰਸਿਟੀ/ਅੰਤਰ ਰਾਜ ਪੱਧਰੀ ਮੁਕਾਬਲਿਆਂ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਲੰਟੀਅਰ।

## ਕਾਲਜ ਕਲਰ

ੳ) **ਅਕਾਦਮਿਕ :-**

1. ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਮੈਰਿਟ ਲਿਸਟ ਵਿੱਚ ਕੋਈ ਵੀ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ।

ਅ) **ਖੇਡਾਂ :**

1. ਯੂਨੀਵਰਸਿਟੀ ਚੈਂਪੀਅਨ ਟੀਮ ਲਈ 100 ਪ੍ਰਤੀਸ਼ਤ, ਯੂਨੀਵਰਸਿਟੀ 'ਚੋਂ ਦੂਜਾ ਸਥਾਨ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਲਈ ਟੀਮ ਵਿੱਚ ਕ੍ਰਮਵਾਰ 60 ਪ੍ਰਤੀਸ਼ਤ ਅਤੇ 40 ਪ੍ਰਤੀਸ਼ਤ ਖਿਡਾਰੀਆਂ ਨੂੰ।
2. ਜੇ ਟੀਮ ਤੀਜਾ ਸਥਾਨ ਨਾ ਪ੍ਰਾਪਤ ਕਰ ਸਕੇ ਤਾਂ ਜੋਨਲ ਚੈਂਪੀਅਨ ਟੀਮਾਂ ਵਿਚ ਮੇਜਰ ਖੇਡਾਂ ਲਈ ਅਤੇ ਦੂਜਿਆਂ ਲਈ ਇਕ ਖਿਡਾਰੀ।
3. ਯੂਨੀਵਰਸਿਟੀ ਅੰਤਰ ਕਾਲਜ ਪੱਧਰ ਤੇ ਵਿਅਕਤੀਗਤ ਖੇਡ ਮੁਕਾਬਲੇ ਵਿੱਚ ਪੰਜ ਅੰਕ ਪ੍ਰਾਪਤ ਕਰਨ ਵਾਲਾ ਖਿਡਾਰੀ।
4. ਕਾਲਜ ਦੇ ਸਾਲਾਨਾ ਖੇਡ ਮੁਕਾਬਲੇ ਵਿੱਚ ਸਰਵੋਤਮ ਰਹਿਣ ਵਾਲਾ ਐਥਲੀਟ (ਲੜਕਾ ਜਾਂ ਲੜਕੀ)।
5. ਸਟੇਟ/ਯੂਨੀਵਰਸਿਟੀ ਦਾ ਮੈਂਬਰ।
6. ਸਟੇਟ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ।

ਨੋਟ:

(ੳ) ਵਾਲੀਬਾਲ, ਬਾਸਕਟਬਾਲ ਅਤੇ ਬਾਕੀ ਖੇਡਾਂ ਲਈ 12 ਖਿਡਾਰੀ ਮੰਨ ਕੇ 3 ਦਾ ਲਾਭ ਵਿਦਿਆਰਥੀ ਨੂੰ ਦਿੱਤਾ ਜਾਵੇਗਾ। ਰੋਲ ਆਫ਼ ਆਨਰ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਗਿਣਤੀ ਵਿੱਚ ਸ਼ਾਮਲ ਹੋਵੇਗਾ।

(ਅ) ਅੱਠ ਜਾਂ ਇਸ ਤੋਂ ਵੱਧ ਮੈਂਬਰਾਂ ਵਾਲੀ ਟੀਮ ਨੂੰ ਮੇਜਰ ਅਤੇ ਇਸ ਤੋਂ ਘੱਟ ਮੈਂਬਰਾਂ ਵਾਲੀ ਟੀਮ ਨੂੰ ਮਾਈਨਰ ਮੰਨ ਕੇ 3 ਦਾ ਲਾਭ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

ੲ) **ਸਭਿਆਚਾਰਕ ਗਤੀਵਿਧੀਆਂ :-**

1. ਯੂਨੀਵਰਸਿਟੀ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਲਈ ਟੀਮ ਨੂੰ ਕ੍ਰਮਵਾਰ 100%, 60% ਅਤੇ 40%.
2. ਜੇ ਟੀਮ ਤੀਜਾ ਸਥਾਨ ਨਾ ਪ੍ਰਾਪਤ ਕਰ ਸਕੇ ਤਾਂ ਜੋਨਲ ਚੈਂਪੀਅਨ ਟੀਮਾਂ ਵਿੱਚ ਮੇਜਰ ਅਤੇ ਮਾਈਨਰ ਟੀਮ ਲਈ ਕ੍ਰਮਵਾਰ 2 ਅਤੇ 1 ਵਿਦਿਆਰਥੀ।
3. ਅੰਤਰ ਕਾਲਜ ਮੁਕਾਬਲਿਆਂ ਵਿਚ 15 ਅੰਕ (ਪਹਿਲੇ, ਦੂਜੇ ਅਤੇ ਤੀਜੇ ਸਥਾਨ ਲਈ ਕ੍ਰਮਵਾਰ 5, 3 ਅਤੇ 2 ਅੰਕ ਮੰਨ ਕੇ ਟ੍ਰਾਫੀ ਜੇਤੂ ਕੋਈ ਪੁਜੀਸ਼ਨ ਨਾ ਆਉਣ ਤੇ 1 ਅੰਕ ਦਿੱਤਾ ਜਾਵੇਗਾ) ਪ੍ਰਾਪਤ ਕਰਨ ਵਾਲਾ ਵਿਦਿਆਰਥੀ।
4. ਯੂਨੀਵਰਸਿਟੀ ਟੀਮ ਦਾ ਮੈਂਬਰ।

ਸ) **ਐਨ.ਐਸ.ਐਸ. :-**

1. ਦਸ ਦਿਨਾਂ ਦਾ ਕੈਂਪ ਅਤੇ ਰੈਗੂਲਰ ਗਤੀਵਿਧੀਆਂ ਦੇ 120 ਘੰਟੇ ਪੂਰੇ ਕਰਨ ਉਪਰੰਤ ਅੰਤਰ ਕਾਲਜ ਕੈਂਪ/ਮੁਕਾਬਲਾ ਇੱਕਤਰਤਾ

ਵਿੱਚ ਪਹਿਲਾ/ ਦੂਜਾ/ ਤੀਜਾ/ ਵਿਸ਼ੇਸ਼ ਇਨਾਮ ਸ਼ਾਲਾਘਾ ਸਰਟੀਫਿਕੇਟ ਪ੍ਰਾਪਤ ਕਰਨ ਵਾਲਾ ਵਲੰਟੀਅਰ।

2. ਯੂਨਿਟ ਦਾ ਸਰਵੋਤਮ / ਬੈਸਟ ਵਲੰਟੀਅਰ।
3. ਸਭ ਤੋਂ ਵੱਧ ਕੈਂਪ ਲਾਉਣ ਵਾਲਾ ਵਲੰਟੀਅਰ।
4. ਅੰਤਰ ਯੂਨੀਵਰਸਿਟੀ ਅਤੇ ਅੰਤਰ-ਰਾਜੀ ਮੁਕਾਬਲਿਆਂ ਲਈ ਯੂਨੀਵਰਸਿਟੀ ਟੀਮ ਮੈਂਬਰ।

(ਨੋਟ : ਉਪਰੋਕਤ ਸਨਮਾਨਾਂ ਲਈ ਸੰਬੰਧਿਤ ਪ੍ਰੋਗਰਾਮ ਅਫਸਰ ਦੀਆਂ ਸਿਫਾਰਸ਼ਾਂ ਅਤੇ ਮੁੱਖ ਪ੍ਰੋਗਰਾਮ ਅਫਸਰ ਦੀ ਪ੍ਰਵਾਨਗੀ ਜ਼ਰੂਰੀ ਹੈ।)

ਹ) ਐਨ.ਸੀ.ਸੀ. :-

1. ਚੰਡੀਗੜ੍ਹ ਵਿੱਚ ਲੱਗੇ ਪ੍ਰੀ-ਰੀਪਬਲਿਕ ਡੇ ਕੈਂਪ/ਥਲ ਸੈਨਾ ਚੰਡੀਗੜ੍ਹ ਵਿੱਚ ਲੱਗੇ ਕੈਂਪ ਵਿੱਚ ਸ਼ਾਮਲ ਕੈਡਿਟ।
2. ਐਨ.ਸੀ.ਸੀ. ਦਾ 'ਬੀ' ਸਰਟੀਫਿਕੇਟ (ਏ) ਗਰੇਡ ਅਤੇ 'ਸੀ' ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ਅਤੇ ਕੰਬਾਇਡ ਵਾਰਸ਼ਿਕ ਟ੍ਰੇਨਿੰਗ ਕੈਂਪ (ਸੀ.ਏ.ਟੀ.ਸੀ.) ਜਾਂ ਸਲਾਨਾ ਟ੍ਰੇਨਿੰਗ ਕੈਂਪ (ਏ.ਟੀ.ਸੀ.) ਦੇ ਕਿਸੇ ਮੁਕਾਬਲੇ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ।
3. ਆਰਮੀ ਅਟੈਚਮੈਂਟ ਕੈਂਪ ਜਾਂ ਰਾਸ਼ਟਰੀ ਪੱਧਰ ਦੇ ਕੈਂਪ ਵਿੱਚ ਕਾਲਜ ਜਾਂ ਬਟਾਲੀਅਨ ਦੇ ਪੱਧਰ 'ਤੇ ਸਰਵੋਤਮ ਕੈਡਿਟ ਘੋਸ਼ਿਤ ਕੀਤਾ ਗਿਆ ਹੋਵੇ।
4. ਐਨ.ਸੀ.ਸੀ. ਯੂਨਿਟ (ਕਾਲਜ) ਦੇ ਬੈਸਟ ਕੈਡਿਟ।
5. ਐਨ.ਸੀ.ਸੀ. ਦੀ ਅੰਤਰ ਗਰੁੱਪ ਗਤੀਵਿਧੀਆਂ (ਬੈਸਟ ਸ਼ੂਟਰ, ਬੈਸਟ ਕੈਡਿਟ, ਬੈਸਟ ਗਾਰਡ ਪਰੇਡ, ਬੈਸਟ ਕਮਾਂਡਰ) ਵਿੱਚ ਵਿਸ਼ੇਸ਼ ਪ੍ਰਾਪਤੀ ਕਰਨ ਵਾਲਾ ਕੈਡਿਟ।

ਨੋਟ : ਕਾਲਜ ਅਨੁਸ਼ਾਸਨ ਦੀ ਉਲੰਘਣਾ ਕਰਨ ਵਾਲੇ ਅਤੇ ਪਰੇਡਾਂ ਵਿੱਚ 75 ਪ੍ਰਤੀਸ਼ਤ ਤੋਂ ਘੱਟ ਹਾਜ਼ਰੀ ਵਾਲੇ ਕੈਡਿਟ ਨੂੰ ਮਿਲਣ ਵਾਲੇ ਸਨਮਾਨ ਨੂੰ ਰੱਦ ਕੀਤਾ ਜਾ ਸਕਦਾ ਹੈ।

ਕ) ਯੂਥ ਰੈਡ ਕਰਾਸ ਯੂਨਿਟ :-

1. ਅੰਤਰ ਕਾਲਜ ਪ੍ਰਤੀਯੋਗਤਾ/ ਯੂਨੀਵਰਸਿਟੀ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਜਾਂ ਵਿਸ਼ੇਸ਼ ਇਨਾਮ ਜਾਂ ਸਰਟੀਫਿਕੇਟ/ ਪੁਰਸਕਾਰ ਪ੍ਰਾਪਤ ਕਰਨ ਵਾਲਾ ਵਲੰਟੀਅਰ।

## ਮੈਰਿਟ ਸਰਟੀਫਿਕੇਟ

1. ਮੈਰਿਟ ਸਰਟੀਫਿਕੇਟ ਉਸ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਿਸ ਨੇ ਸਭਿਆਚਾਰਕ ਮੁਕਾਬਲਿਆਂ ਵਿੱਚ ਹੇਠਾਂ ਦੱਸੇ ਅਨੁਸਾਰ ਘੱਟੋ-ਘੱਟ 5 ਅੰਕ ਪ੍ਰਾਪਤ ਕੀਤੇ ਹੋਣ।(ਹਰੇਕ ਟਰਾਫ਼ੀ ਦੇ 2 ਅੰਕ, ਪਹਿਲੇ ਇਨਾਮ ਦੇ 3 ਅੰਕ, ਦੂਜੇ ਇਨਾਮ ਦੇ 2 ਅੰਕ, ਤੀਜੇ ਇਨਾਮ ਦਾ 1 ਅੰਕ)।
2. ਖੇਤਰੀ ਯੁਵਕ ਮੇਲੇ ਵਿੱਚ ਪਹਿਲੇ ਜਾਂ ਦੂਜੇ ਸਥਾਨ ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਹੱਕਦਾਰ ਹੋਣਗੇ ਜਿੰਨ੍ਹਾਂ ਨੂੰ ਕਾਲਜ ਕਲਰ ਨਹੀਂ ਮਿਲਿਆ।
3. ਅੰਤਰ ਖੇਤਰੀ ਯੁਵਕ ਮੇਲੇ ਵਿੱਚ ਦੂਸਰੇ ਸਥਾਨ 'ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਜਿੰਨ੍ਹਾਂ ਨੂੰ ਕਾਲਜ ਕਲਰ ਨਹੀਂ ਮਿਲਿਆ।
4. ਐਨ.ਸੀ.ਸੀ. ਦੀਆਂ ਗਤੀਵਿਧੀਆਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ (ਬਕਾਇਦਗੀ, ਚੁਸਤ, ਵਰਦੀ ਅਤੇ ਕੰਟਰੋਲ ਕਮਾਂਡ ਦੇ ਆਧਾਰ 'ਤੇ ਚੁਣਿਆ ਸ਼੍ਰੇਸ਼ਠ ਕੈਡਿਟ) ਨੂੰ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਜਾਣਗੇ।

ਵਿਸ਼ੇਸ਼ ਨੋਟ :-

1. ਸਲਾਨਾ ਇਨਾਮ ਵੰਡ ਸਮਾਰੋਹ ਵਿੱਚ ਇਨਾਮ ਨਾ ਪ੍ਰਾਪਤ ਕਰ ਸਕਣ ਵਾਲਾ ਵਿਦਿਆਰਥੀ 10 ਦਿਨਾਂ ਦੇ ਅੰਦਰ-ਅੰਦਰ ਆਪਣਾ ਇਨਾਮ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਬਾਅਦ ਉਸ ਨੂੰ ਇਨਾਮ ਨਹੀਂ ਦਿੱਤਾ ਜਾਵੇਗਾ।
2. ਜਿੰਨ੍ਹਾਂ ਵਿਦਿਆਰਥੀਆਂ ਨੇ ਆਪਣੇ ਯੂਨੀਵਰਸਿਟੀ ਪੇਪਰਾਂ ਦੀ ਪੁਨਰ ਪੜ੍ਹਤਾਲ ਆਦਿ ਕਰਵਾਈ ਹੋਵੇ, ਉਹ ਆਪਣਾ ਸੋਧਿਆ ਨਤੀਜਾ ਪ੍ਰਿੰਸੀਪਲ/ਰਜਿਸਟਰਾਰ ਕਾਲਜ ਨੂੰ 31 ਜਨਵਰੀ ਤੋਂ ਪਹਿਲਾਂ-ਪਹਿਲਾਂ ਦੇ ਦੇਣ।
3. ਇਨਾਮ ਵਿਸ਼ੇਸ਼ ਕਰ, ਰੋਲ ਆਫ਼ ਆਨਰ ਜੇਤੂ ਵਿਦਿਆਰਥੀ ਖੁਦ ਆਪ ਹੀ ਪ੍ਰਾਪਤ ਕਰਨਗੇ।

4. ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਦੌਰਾਨ ਕਾਲਜ ਵੱਲੋਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਭੇਜੇ ਜਾਣਗੇ, ਉਹਨਾਂ ਵਿਦਿਆਰਥੀਆਂ ਨੂੰ ਘਰੇਲੂ ਇਮਤਿਹਾਨਾਂ ਵਿੱਚ ਬੈਠਣ ਦੇ ਪੂਰੇ ਅਤੇ ਯੋਗ ਅਵਸਰ ਦਿੱਤੇ ਜਾਣਗੇ।
5. ਜਿਨ੍ਹਾਂ ਵਿਦਿਆਰਥੀਆਂ ਦੀਆਂ ਕੰਡੀਸ਼ਨਾਂ ਪੂਰੀਆਂ ਨਹੀਂ ਹੋਣਗੀਆਂ ਉਹ ਕਿਸੇ ਵੀ ਇਨਾਮ ਦੇ ਹੱਕਦਾਰ ਨਹੀਂ ਹੋਣਗੇ। ਖੇਤਰ ਭਾਵੇਂ (ਅਕਾਦਮਿਕ, ਸਪੋਰਟਸ, ਸੱਭਿਆਚਾਰਕ ਗਤੀਵਿਧੀਆਂ, ਐਨ.ਸੀ.ਸੀ., ਐਨ.ਐਸ.ਐਸ. ਆਦਿ) ਕੋਈ ਵੀ ਹੋਵੇ।
6. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੈਲੇਂਡਰ ਅਨੁਸਾਰ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਦੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਣਗੇ, ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਇਨਾਮ ਦੇ ਹੱਕਦਾਰ ਮੰਨਿਆ ਜਾਵੇਗਾ।
7. ਸਪੋਰਟਸ, ਸੱਭਿਆਚਾਰਕ, ਐਨ.ਸੀ.ਸੀ., ਐਨ.ਐਸ.ਐਸ. ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ/ਪ੍ਰਤੀਯੋਗੀ ਆਪਣੀ ਪ੍ਰਤੀਯੋਗਤਾ ਵਿੱਚ ਆਪਣੀ ਕਾਰਗੁਜ਼ਾਰੀ ਦਾ ਪ੍ਰਮਾਣ ਆਪਣੇ ਪ੍ਰੋ. ਇੰਚਾਰਜ ਤੋਂ ਤਸਦੀਕ ਕਰਵਾ ਕੇ ਸਬੰਧਤ ਕਲਰਕ ਨੂੰ ਦੇਣਗੇ। ਕੇਵਲ ਇਸ ਰਿਕਾਰਡ ਦੇ ਆਧਾਰ ਤੇ ਹੀ ਸਲਾਨਾ ਇਨਾਮ ਵੰਡ ਸਮਾਰੋਹ ਲਈ ਵਿਦਿਆਰਥੀ ਪ੍ਰਤੀਯੋਗੀਆਂ ਦੀ ਯੋਗਤਾ ਅਨੁਸਾਰ ਇਨਾਮ ਦਿੱਤੇ ਜਾਣਗੇ।

## ਸਾਲ : 2018-19 ਦੌਰਾਨ ਵੱਖ-ਵੱਖ ਕਲਾਸਾਂ ਤੋਂ ਲਏ ਜਾਣ ਵਾਲੇ ਫੰਡ ਅਤੇ ਫੀਸ ਦੇ ਵੇਰਵੇ
### ਬੀ.ਏ./ਬੀ.ਐਸ.ਸੀ. (ਮੈਡੀਕਲ, ਨਾਨ-ਮੈਡੀਕਲ, ਖੇਤੀਬਾੜੀ)/ਬੀ.ਕਾਮ./ਬੀ.ਸੀ.ਏ. ਭਾਗ-ਪਹਿਲਾ

| | ₹ | | ₹ |
|---|---|---|---|
| ਦਾਖਲਾ | 10 | ਰਜਿਸਟ੍ਰੇਸ਼ਨ/ਕੰਨਟੀਨਿਊਏਸ਼ਨ ਫੀਸ (ਸਾਰੇ ਨਵੇਂ ਵਿਦਿਆਰਥੀਆਂ ਲਈ) (ਪਹਿਲਾਂ ਰਜਿਸਟਰਡ ਵਿਦਿਆਰਥੀਆਂ ਲਈ 300/- ਰੁਪੈ) | 800 |
| ਟਿਊਸ਼ਨ ਫੀਸ (ਲੜਕੀਆਂ ਲਈ ਮੁਆਫ਼) | 144 | ਯੂਨੀਵਰਸਿਟੀ ਸਪੋਰਟਸ ਫੰਡ | 500 |
| ਅਮਲਗਾਮੇਟਿਡ ਫੰਡ | 96 | ਯੂਨੀਵਰਸਿਟੀ ਖੇਡਾਂ ਇਨਫਰਾਸਟੱਕਚਰ ਫੰਡ | 200 |
| ਅਡੀਸ਼ਨਲ ਫੰਡ | 10 | ਐਨ.ਐਸ.ਐਸ. ਫੰਡ | 80 |
| ਸ਼ਨਾਖਤੀ ਕਾਰਡ | 10 | ਪੰਜਾਬ ਸਟੇਟ ਸਪੋਰਟਸ ਕੌਂਸਲ ਫੀਸ | 25 |
| ਬਿਲਡਿੰਗ ਫੰਡ | 15 | ਕਾਲਜ ਡਿਵੈਲਮੈਂਟ ਫੰਡ | 120 |
| ਯੁਵਕ ਭਲਾਈ | 100 | ਵੈਰੀਫਿਕੇਸ਼ਨ ਫੀਸ (ਕੇਵਲ ਨਵੇਂ ਵਿਦਿਆਰਥੀਆਂ ਲਈ) (ਡਿਗਰੀ/ਸਰਟੀਫਿਕੇਟ ਪੜਤਾਲ) | 800 |
| ਸਪੋਰਟਸ ਹੋਸਟਲ ਫੀਸ | 200 | ਬਲਾਕ ਐਂਟਰੀ ਫੀਸ | 50 |
| ਸਲਾਨਾ ਚਾਰਜ | 79 | ਪੰਜਾਬੀ ਭਾਸ਼ਾ ਵਿਕਾਸ ਫੰਡ | 75 |
| ਕਾਲਜ ਸਪੋਰਟਸ ਫੰਡ | 75 | ਇਨਫਰਾਸਟਰੱਕਚਰ ਫੰਡ | 100 |
| ਫਰਨੀਚਰ ਫੰਡ | 15 | ਸਪੋਰਟਸ ਵਿੰਗ ਫੰਡ | 100 |
| ਸਕਿਊਰਟੀ ਫੰਡ (ਕੇਵਲ ਨਵੇਂ ਵਿਦਿਆਰਥੀਆਂ ਲਈ) | 20 | ਪ੍ਰੀਖਿਆ ਫਾਰਮਾਂ ਦੀ ਕੀਮਤ 120/- ਰੁਪੈ (ਪ੍ਰਤੀ ਸਮੈਸਟਰ) | 240 |
| ਜਨਰੇਟਰ ਮੈਨਟੇਨੈਂਸ | 200 | ਐਫ.ਐਸ. ਫੰਡ | 600 |
| ਪੀ.ਟੀ.ਏ. ਫੰਡ | 3000 | ਕੁੱਲ ਜੋੜ | 7664 |

ਨੋਟ : ਉਪਰੋਕਤ ਫੀਸਾਂ ਤੋਂ ਇਲਾਵਾ ਹੇਠ ਲਿਖੀਆਂ ਫੀਸਾਂ (ਜੋ ਲਾਗੂ ਹੋਵੇ) ਵੱਖਰੀਆਂ ਹੋਣਗੀਆਂ।

## ਬੀ.ਏ., ਬੀ.ਐਸ.ਸੀ., ਬੀ.ਕਾਮ. ਭਾਗ ਦੂਜਾ, ਤੀਜਾ, ਬੀ.ਸੀ.ਏ. ਭਾਗ ਦੂਜਾ, ਤੀਜਾ ਅਤੇ ਬੀ.ਐਸ.ਸੀ (ਖੇਤੀਬਾੜੀ) ਭਾਗ ਦੂਜਾ, ਤੀਜਾ, ਚੌਥਾ ਲਈ ਫੀਸਾਂ

ਲੜਕਿਆਂ ਲਈ : ਰਕਮ : **7,664/-** ਰੁਪੈ ਤੋਂ ਇਲਾਵਾ ਪ੍ਰੀਖਿਆ ਫੀਸ ਅਤੇ ਪ੍ਰੈਕਟੀਕਲ ਫੀਸ ਵੱਖਰੀ ਲਈ ਜਾਵੇਗੀ।

ਲੜਕੀਆਂ ਲਈ : ਰਕਮ : **7,520/-** ਰੁਪੈ ਤੋਂ ਇਲਾਵਾ ਪ੍ਰੀਖਿਆ ਫੀਸ ਅਤੇ ਪ੍ਰੈਕਟੀਕਲ ਫੀਸ ਵੱਖਰੀ ਲਈ ਜਾਵੇਗੀ।

## ਬੀ.ਏ./ਬੀ.ਐਸ.ਸੀ. (ਮੈਡੀਕਲ, ਨਾਨ-ਮੈਡੀਕਲ)/ਬੀ.ਕਾਮ./ਬੀ.ਐਸ.ਸੀ (ਖੇਤੀਬਾੜੀ), ਬੀ.ਸੀ.ਏ. ਪਾਸੋਂ ਲਈਆਂ ਜਾਣ ਵਾਲੀਆਂ ਫੀਸਾਂ

ਪ੍ਰੈਕਟੀਕਲ ਫੀਸ : **150/-** ਰੁਪੈ (ਪ੍ਰਤੀ ਵਿਸ਼ਾ)

ਮਾਈਗ੍ਰੇਸ਼ਨ ਫੀਸ : **150/-** ਰੁਪੈ (ਬਾਹਰਲੇ ਯੂਨੀਵਰਸਿਟੀ/ਬੋਰਡ ਤੋਂ ਆਏ ਵਿਦਿਆਰਥੀਆਂ ਲਈ)

ਸਕਿਊਰਿਟੀ ਫੀਸ : **30/-** ਰੁਪੈ (ਐਮ.ਐਸ.ਸੀ.-I/ਐਮ.ਏ.-I ਦੇ ਵਿਦਿਆਰਥੀਆਂ ਲਈ)

**ਸੈਲਫ ਫਾਈਨਾਂਸ ਸਕੀਮ ਅਧੀਨ ਫੀਸਾਂ ਦਾ ਵੇਰਵਾ :-** ਹੇਠ ਲਿਖੀਆਂ ਫੀਸਾਂ ਉਪਰੋਕਤ ਫੀਸਾਂ ਤੋਂ ਵੱਖਰੀਆਂ ਹੋਣਗੀਆਂ :

1. ਬੀ.ਐਸ.ਸੀ. ਖੇਤੀਬਾੜੀ : **₹30800/-**
2. ਬੀ.ਸੀ.ਏ. : **₹19744/-**
3. ਐਮ.ਏ. ਅੰਗ੍ਰੇਜ਼ੀ : **₹16000/-**

## ਐਮ.ਏ. (ਪੰਜਾਬੀ ਅਤੇ ਇਕਨਾਮਿਕਸ) ਭਾਗ ਪਹਿਲਾ ਦੇ ਵਿਦਿਆਰਥੀਆਂ ਦੀ ਫੀਸ

ਪੰਜਾਬੀ ਯੂਨਵਰਸਿਟੀ, ਪਟਿਆਲਾ ਨਾਲ ਸਬੰਧਤ ਸਾਰੇ ਵਿਦਿਆਰਥੀਆਂ ਲਈ ਰਕਮ : **₹5,864/-**

ਬਾਹਰਲੀਆਂ ਯੂਨੀਵਰਸਿਟੀਆਂ ਤੋਂ ਆਏ ਨਵੇਂ ਵਿਦਿਆਰਥੀਆਂ ਲਈ ਰਕਮ : **₹7,314/-**

ਨੋਟ : ਐਮ.ਏ. ਦੇ ਵਿਦਿਆਰਥੀਆਂ ਲਈ ਉਪਰੋਕਤ ਫੀਸ ਤੋਂ ਇਲਾਵਾ ਪ੍ਰੀਖਿਆ ਫੀਸ ਵੱਖਰੀ ਲਈ ਜਾਵੇਗੀ।

## ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਸਮੈਸਟਰ ਅਤੇ ਸਲਾਨਾ ਪ੍ਰੀਖਿਆ ਫੀਸ ਦਾ ਵੇਰਵਾ

| ਫੀਸ | ਬੀ.ਐਸ.ਸੀ. (ਮੈਡੀ./ਨ.ਮੈਡੀ.) ਬੀ.ਸੀ.ਏ. ਭਾਗ ਪਹਿਲਾ, ਦੂਜਾ, ਤੀਜਾ ਅਤੇ ਬੀ.ਕਾਮ. ਭਾਗ ਪਹਿਲਾ | ਬੀ.ਕਾਮ. ਭਾਗ ਦੂਜਾ, ਤੀਜਾ | ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜਾ | ਐਮ.ਏ. (ਪੰਜਾਬੀ ਇਕਨਾਮਿਕਸ ਅਤੇ ਅੰਗ੍ਰੇਜ਼ੀ) ਭਾਗ ਪਹਿਲਾ ਅਤੇ ਦੂਜਾ | ਐਮ.ਐਸ.ਸੀ. (ਕਮਿਸਟਰੀ) ਭਾਗ ਪਹਿਲਾ ਅਤੇ ਦੂਜਾ | ਬੀ.ਐਸ.ਸੀ. (ਖੇਤੀਬਾੜੀ) ਭਾਗ ਪਹਿਲਾ, ਦੂਜਾ ਤੀਜਾ ਅਤੇ ਚੌਥਾ |
|---|---|---|---|---|---|---|
| ਯੂਨੀ. ਫੀਸ | 1450/- (ਪ੍ਰਤੀ ਸਮੈਸਟਰ) | 1450/- (ਪ੍ਰਤੀ ਸਮੈਸਟਰ) | 1450/- (ਪ੍ਰਤੀ ਸਮੈਸਟਰ) | 1450/- (ਪ੍ਰਤੀ ਸਮੈਸਟਰ) | 1450/- (ਪ੍ਰਤੀ ਸਮੈਸਟਰ) | 1500/- (ਪ੍ਰਤੀ ਸਮੈਸਟਰ) |
| ਪ੍ਰੈਕਟੀ. ਫੀਸ | 550/- (ਪ੍ਰਤੀ ਸਮੈਸਟਰ) | ਕੋਈ ਨਹੀਂ | 550/- (ਪ੍ਰਤੀ ਸਮੈਸਟਰ) | ਕੋਈ ਨਹੀਂ | 550/- (ਪ੍ਰਤੀ ਸਮੈਸਟਰ) | 550/- (ਪ੍ਰਤੀ ਸਮੈਸਟਰ) |
| ਦਾਖਲਾ ਫਾਰਮ ਫੀਸ | 240/- (120/- ਪ੍ਰਤੀ ਸਮੈਸਟਰ) | 240/- (120/- ਪ੍ਰਤੀ ਸਮੈਸਟਰ) | 240/- (120/- ਪ੍ਰਤੀ ਸਮੈਸਟਰ) | 240/- (120/- ਪ੍ਰਤੀ ਸਮੈਸਟਰ) | 240/- (120/- ਪ੍ਰਤੀ ਸਮੈਸਟਰ) | 240/- (120/- ਪ੍ਰਤੀ ਸਮੈਸਟਰ) |

(ਨੋਟ : ਜੇਕਰ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਪੰਜਾਬ ਸਰਕਾਰ ਵੱਲੋਂ ਉਪਰੋਕਤ ਫੀਸਾਂ/ਫੰਡਾਂ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਫੀਸ ਕੀਤੀ ਗਈ ਤਬਦੀਲੀ ਅਨੁਸਾਰ ਲਈ ਜਾਵੇਗੀ)

ਜ਼ਰੂਰੀ ਨੋਟ:

1. ਵਿਦਿਆਰਥੀ ਨੂੰ ਸੀਟ ਛੱਡਣ ਦੀ ਸੂਚਨਾ ਕਾਲਜ ਨੂੰ ਲਿਖਤੀ ਰੂਪ ਵਿੱਚ 31-7-18 ਤੱਕ 2.00 ਵਜੇ ਤੋਂ ਪਹਿਲਾਂ ਦੇਣੀ ਅਤਿ ਜ਼ਰੂਰੀ ਹੋਵੇਗੀ। ਲਿਖਤ ਸੂਚਨਾ ਨਾ ਦੇਣ ਦੀ ਸੂਰਤ ਵਿੱਚ ਕੋਈ ਵੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ।
2. ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਸਮੇਂ ਜਮ੍ਹਾਂ ਕਰਵਾਈ ਫੀਸ ਵਿੱਚੋਂ ਯੂਨੀਵਰਸਿਟੀ ਅਤੇ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਗਈ ਫੀਸ ਵਾਪਸ ਨਹੀਂ ਕੀਤੀ ਜਾਵੇਗੀ।

# ਐਮ.ਐਸ.ਸੀ. ਭਾਗ ਪਹਿਲਾ (ਕੈਮਿਸਟਰੀ) ਤੋਂ ਲਈਆਂ ਜਾਣ ਵਾਲੀਆਂ ਫੀਸਾਂ ਦੇ ਵੇਰਵੇ : 2018-19

| ਫੰਡਾਂ ਦੇ ਵੇਰਵੇ | ਪੰਜਾਬੀ ਯੂਨੀਵਰਸਿਟੀ (₹) |
|---|---|
| ਦਾਖਲਾ ਫੀਸ | 10-00 |
| ਟਿਊਸ਼ਨ ਫੀਸ | 180-00 |
| ਰਜਿਸਟ੍ਰੇਸ਼ਨ ਫੀਸ 800/- ਨਵੇਂ ਵਿਦਿਆਰਥੀਆਂ ਲਈ 300/- ਕੰਨਟੀਨਿਊਏਸ਼ਨ ਫੀਸ ਪੁਰਾਣੇ ਵਿਦਿਆਰਥੀਆਂ ਲਈ, ਯੁਵਕ ਭਲਾਈ 100, ਐਨ.ਐਸ.ਐਸ. 80, ਬਲਾਕ ਐਂਟਰੀ 50, ਪੰਜਾਬੀ ਭਾਸ਼ਾ ਫੰਡ 75, ਕਾਲਜ ਡਿਵੈਲਪਮੈਂਟ 120, ਪੰਜਾਬ ਸਟੇਟ ਸਪੋਰਟਸ ਫੰਡ 25, ਸਪੋਰਟਸ ਹੋਸਟਲ 100, ਯੂਨੀ. ਖੇਡਾਂ- ਇਨਫਰਾਸਟਰੱਕਚਰ ਫੰਡ 200, ਯੂਨੀ. ਸਪੋਰਟਸ ਫੰਡ 500, ਸਪੋਰਟਸ ਵਿੰਗ ਫੰਡ 100, ਇਨਫਰਾਸਟਰੱਕਚਰ ਫੰਡ 100 | 2250-00 |
| ਪੀ.ਐਸ.ਐਸ.ਐਫ | 50-00 |
| ਹਾਇਰ ਐਜੂਕੇਸ਼ਨ ਫੰਡ | 10-00 |
| ਲੈਬੋਰੇਟਰੀ ਅਤੇ ਲਾਇਬਰੇਰੀ ਸਕਿਓਰਟੀ | 105-00 |
| ਏ.ਐਫ. | 96-00 |
| ਕਾਲਜ ਸਾਇੰਸ ਪ੍ਰੈਕਟੀਕਲ ਫੀਸ | 2000-00 |
| ਮਾਈਗ੍ਰੇਸ਼ਨ ਫੀਸ | 150-00 |
| ਵੈਰੀਫਿਕੇਸ਼ਨ ਫੀਸ | 800-00 |
| ਸਰਕਾਰੀ ਫੰਡ (ਸਲਾਨਾ ਚਾਰਜ-79, ਬੀ.ਐਫ.-15, ਫਰਨੀਚਰ-15, ਸ਼ਨਾਖਤੀ ਕਾਰਡ-10) | 119-00 |
| ਹਾਇਰ ਐਜੂਕੇਸ਼ਨ ਸੁਸਾਇਟੀ ਫੰਡ | 28750-00 |
| ਜਨਰੇਟਰ ਫੰਡ | 200-00 |
| ਯੂਨੀਵਰਸਿਟੀ ਪ੍ਰੀਖਿਆ ਫੀਸ ਅਤੇ ਪ੍ਰੈਕਟੀਕਲ ਫੀਸ | 4000-00 |
| ਯੂਨੀਵਰਸਿਟੀ ਪ੍ਰੀਖਿਆ ਫਾਰਮ | 240-00 |
| ਐਫ.ਐਸ. ਫੰਡ | 600-00 |
| ਕੁੱਲ ਜੋੜ | 39560-00 |

ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਫੀਸ : **38,110/-** ਰੁਪੈ

ਬਾਹਰਲੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਫੀਸ : **39,560/-** ਰੁਪੈ

ਨੋਟ :

1. ਵਿਦਿਆਰਥੀਆਂ ਲਈ ਦਾਖਲੇ ਸਮੇਂ ਮੌਕੇ ਤੇ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ।
2. ਕਾਲਜ ਵੱਲੋਂ ਲਏ ਜਾਣ ਵਾਲੇ ਫੰਡ ਅਤੇ ਫੀਸਾਂ, ਪ੍ਰੈਕਟੀਕਲ ਫੀਸ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਲਈਆਂ ਜਾਣ ਵਾਲੀਆਂ ਸਮੈਸਟਰ ਅਤੇ ਸਲਾਨਾ ਫੀਸਾਂ, ਦਾਖਲੇ ਸਮੇਂ ਵਿਦਿਆਰਥੀ ਆਪਣੇ ਨਾਲ ਜ਼ਰੂਰ ਲੈ ਕੇ ਆਉਣ। ਫੀਸ ਪੂਰੇ ਸਾਲ ਦੀ ਲਈ ਜਾਵੇਗੀ।
3. ਇਕ ਵਾਰੀ ਲਈ ਗਈ ਫੀਸ ਰਿਫੰਡ ਨਹੀਂ ਕੀਤੀ ਜਾਵੇਗੀ।
4. ਮੌਕੇ 'ਤੇ ਫੀਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਦਾਖਲ ਨਹੀਂ ਕੀਤਾ ਜਾਵੇਗਾ।

## ਮਾਪਿਆਂ/ਸਰਪ੍ਰਸਤਾਂ ਲਈ ਜਰੂਰੀ ਨੋਟ

ਪੜ੍ਹਾਈ ਦੇ ਸੈਸ਼ਨ ਦੌਰਾਨ ਫੀਸਾਂ ਅਤੇ ਫੰਡਾਂ ਸਬੰਧੀ/ਕਿਸੇ ਵੀ ਗਤੀਵਿਧੀ ਸਬੰਧੀ ਕੋਈ ਵੀ ਸੂਚਨਾ ਕੇਵਲ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ। ਦਫ਼ਤਰ ਵੱਲੋਂ ਕੋਈ ਵੀ ਜਾਣਕਾਰੀ ਘਰ ਭੇਜਣ ਦਾ ਪ੍ਰਬੰਧ ਨਹੀਂ ਹੈ। ਇਸ ਲਈ ਹਰੇਕ ਸੂਚਨਾ ਪ੍ਰਾਪਤ ਕਰਨਾ ਵਿਦਿਆਰਥੀ ਦੀ ਨਿਜੀ ਜਿੰਮੇਵਾਰੀ ਹੋਵੇਗੀ। ਮਾਪਿਆਂ/ਸਰਪ੍ਰਸਤਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਬੱਚੇ ਸਬੰਧੀ ਲੈਕਚਰ ਸ਼ਾਰਟੇਜ਼, ਫੀਸਾਂ ਸਬੰਧੀ, ਘਰੇਲੂ ਪ੍ਰੀਖਿਆਵਾਂ ਆਦਿ ਦੀ ਰਿਪੋਰਟ ਦੇ ਸਬੰਧ ਵਿੱਚ ਕਾਲਜ ਨਾਲ ਸੰਪਰਕ ਰੱਖਣ। ਉਹ ਆਪਣੇ ਬੱਚੇ ਨੂੰ ਕਾਲਜ ਵਿੱਚ ਮੋਬਾਇਲ ਫੋਨ ਲਿਆਉਣ ਅਤੇ ਇਸਦੀ ਵਰਤੋਂ ਕਰਨ ਤੋਂ ਮਨ੍ਹਾਂ ਕਰਨ। ਉਹ ਆਪਣੇ ਬੱਚਿਆਂ ਨੂੰ ਅਨੁਸ਼ਾਸਨ ਵਿੱਚ ਰਹਿਣ ਲਈ ਕਹਿਣ। ਪ੍ਰਾਸਪੈਕਟਸ ਵਿੱਚ ਦਿੱਤੇ ਗਏ ਨਿਯਮਾਂ ਸਬੰਧੀ ਉਚੇਰੀ ਸਿੱਖਿਆ (ਪੰਜਾਬ ਸਰਕਾਰ) ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਸਬੰਧੀ ਜਾਣਕਾਰੀ ਸਮੇਂ-ਸਮੇਂ ਤੇ ਨੋਟਿਸ ਬੋਰਡ ਤੇ ਲਗਾਈ ਜਾਵੇਗੀ। ਇਸ ਲਈ ਵਿਦਿਆਰਥੀ ਨੋਟਿਸ ਬੋਰਡ ਵਾਚਦੇ ਰਹਿਣ।

# ਕਾਲਜ ਦੇ ਸਿਰਮੌਰ ਸਿਤਾਰੇ (ਸੈਸ਼ਨ-2017-18)

## ਖੇਡਾਂ ਦਾ ਖੇਤਰ



ਮਨਪ੍ਰੀਤ ਕੌਰ, ਬੀ.ਏ.-II
[illegible]

ਜੈ ਪ੍ਰਕਾਸ਼ ਸ਼ੁਕਲਾ
ਬੀ.ਏ.-II
[illegible]

ਪ੍ਰਭਜੋਤ ਕੌਰ
ਬੀ.ਏ.-III
ਅੰਤਰ ਕਾਲਜ ... ਦੂਜਾ ਸਥਾਨ
ਕੁਸ਼ਤੀ

ਜਸ਼ਨਦੀਪ ਕੌਰ
ਬੀ.ਏ.-III
ਅੰਤਰ ਕਾਲਜ ... ਦੂਜਾ ਸਥਾਨ
ਕੁਸ਼ਤੀ

ਰਮਨਦੀਪ ਕੌਰ
ਬੀ.ਏ.-III
[illegible]

ਮਨਦੀਪ ਕੌਰ
ਬੀ.ਏ.-II
[illegible]

ਸਿਮਰਨਜੀਤ ਸਿੰਘ
ਬੀ.ਕਾਮ-I
[illegible]

ਕਿਰਨਦੀਪ ਸਿੰਘ
ਬੀ.ਕਾਮ-III
[illegible]

ਸਿਮਰਨਜੀਤ ਕੌਰ
ਬੀ.ਐਸ.ਸੀ.-II (ਐਗਰੀ.)
[illegible]



ਕਿਰਨ ਕੁਮਾਰੀ
ਬੀ.ਏ.-I
[illegible]

ਸੁਖਮਨਪ੍ਰੀਤ ਸਿੰਘ
ਬੀ.ਏ.-II
[illegible]

ਗੁਰਲਾਲ ਸਿੰਘ
ਬੀ.ਏ.-II
[illegible]

ਜੈਮਵੀਰ ਗੌਤਮ
ਬੀ.ਏ.-I
[illegible]

ਬਲਦੇਵ ਸਿੰਘ
ਬੀ.ਏ.-I
[illegible]

ਬਲਰਾਮ ਸਿੰਘ
ਬੀ.ਏ.-III
[illegible]

ਸਤਿੰਦਰ ਸਿੰਘ
ਬੀ.ਐਸ.ਸੀ.-IV (ਐਗਰੀ.)
[illegible]

ਗੁਰਜਸ਼ਨ ਸਿੰਘ
ਬੀ.ਐਸ.ਸੀ.-IV (ਐਗਰੀ.)
[illegible]

ਅਰਸ਼ਦੀਪ ਸਿੰਘ
ਬੀ.ਐਸ.ਸੀ.-IV (ਐਗਰੀ.)
[illegible]



ਜਸਪ੍ਰੀਤ ਸਿੰਘ
ਬੀ.ਕਾਮ-III
[illegible]

ਰਾਜਪ੍ਰੀਤ ਕੌਰ
ਬੀ.ਏ.-III
[illegible]

ਦਿਲਪ੍ਰੀਤ ਕੌਰ
ਬੀ.ਏ.-III
[illegible]

ਹਰਪ੍ਰੀਤ ਕੌਰ ਗਿੱਲ
ਬੀ.ਏ.-II
ਬੈਸਟ ਐਥਲੀਟ

ਰਮਨਦੀਪ ਕੌਰ
ਬੀ.ਏ.-III
[illegible]

ਪਵਨਜੀਤ ਕੌਰ
ਬੀ.ਏ.-II
[illegible]

ਸੁਖਜਿੰਦਰ ਸਿੰਘ
ਬੀ.ਏ.-III
ਯੋਗਾ

### ਰੈੱਡ ਕਰਾਸ ਖੇਤਰ



ਰਮਨੀਕ ਕੌਰ
ਬੀ.ਐਸ.ਸੀ.-II (ਐਗਰੀ.)
ਤੀਜਾ ਸਥਾਨ (ਕਵਿਤਾ ਉਚਾਰਨ)

## ਐਨ.ਐਸ.ਐਸ. ਦੇ ਬੈਸਟ ਵਲੰਟੀਅਰ



ਅਮਨਦੀਪ ਕੌਰ
ਐਮ.ਏ.-II (ਪੰਜਾਬੀ)

ਦੀਪਾਲੀ ਵਰਮਾ
ਐਮ.ਏ.-I (ਇਕਨਾਮਿਕਸ)

ਸੁਖਜੀਤ ਕੌਰ
ਬੀ.ਏ.-III

ਗੁਰਦੀਪ ਸਿੰਘ
ਐਮ.ਏ.-II (ਪੰਜਾਬੀ)

ਪ੍ਰਗਟ ਸਿੰਘ
ਐਮ.ਏ.-I (ਪੰਜਾਬੀ)

ਹਰਕੀਰਤ ਸਿੰਘ ਚਾਹਲ
ਬੀ.ਏ.-III

ਗਗਨਦੀਪ ਸਿੰਘ
ਬੀ.ਏ.-III

ਮਨਪ੍ਰੀਤ ਸਿੰਘ ਸ਼ੇਰਗਿੱਲ
ਬੀ.ਏ.-III

## ਸੱਭਿਆਚਾਰਕ ਖੇਤਰ



ਗਗਨਦੀਪ ਕੌਰ
ਬੀ.ਏ.-III
[illegible]

ਨਿਤਿਨ ਸੇਠੀ
ਬੀ.ਏ.-III
[illegible]

ਗਗਨਦੀਪ ਸਿੰਘ
ਬੀ.ਏ.-III
[illegible]

ਅਰਚਨਾ ਕੁਮਾਰੀ
ਬੀ.ਏ.-III
[illegible]

ਰਾਕੇਸ਼ ਕੁਮਾਰ
ਬੀ.ਏ.-III
[illegible]

ਬਲੀ ਸਿੰਘ
ਬੀ.ਏ.-III
[illegible]

ਕਨਵਲਜੀਤ ਸਿੰਘ
ਬੀ.ਏ.-III
[illegible]

ਅਰਵਿੰਦਰ ਕੌਰ
ਬੀ.ਏ.-III

ਸੁਖਜਿੰਦਰ ਸਿੰਘ
ਬੀ.ਏ.-II
[illegible]

ਗੁਰਵੀਰ ਸਿੰਘ
ਬੀ.ਏ.-I
[illegible]



ਕੁਲਦੀਪ ਕੌਰ
ਬੀ.ਏ.-III

ਮੋਹਿਤ ਸ਼ਰਮਾ
ਬੀ.ਏ.-III
[illegible]

ਪ੍ਰੀਤਇੰਦਰ ਸਿੰਘ
ਬੀ.ਏ.-II
[illegible]

## ਐਨ.ਸੀ.ਸੀ. ਖੇਤਰ



ਐਨ.ਸੀ.ਸੀ. ਕੈਡਿਟ ਹਰਜਿੰਦਰ ਸਿੰਘ
ਪ੍ਰੀ-ਆਰ.ਡੀ.ਸੀ. ਕੈਂਪ

ਐਨ.ਸੀ.ਸੀ. ਕੈਡਿਟ ਲਵਪ੍ਰੀਤ ਸਿੰਘ
ਨੈਸ਼ਨਲ ਕੈਂਪ ਅਤੇ ਬੈਸਟ ਕੈਡਿਟ

# ਕਾਲਜ ਦੇ ਸਿਰਮੌਰ ਸਿਤਾਰੇ

## ਅਕਾਦਮਿਕ ਖੇਤਰ



ਲਵਪ੍ਰੀਤ ਕੌਰ
ਬੀ.ਐਸ.ਸੀ -I ਮੈਡੀਕਲ
ਸਮੈਸਟਰ-I ਅਤੇ II
(79.11%) ਅਤੇ (82.66%)



ਜਯੋਤਸਨਾ
ਬੀ.ਐਸ.ਸੀ -I ਮੈਡੀਕਲ
ਸਮੈਸਟਰ-I ਅਤੇ II
(78.22%) ਅਤੇ (83.77%)



ਸ੍ਰਿਸ਼ਟੀ
ਬੀ.ਐਸ.ਸੀ.-II ਮੈਡੀਕਲ
ਸਮੈਸਟਰ-III
(87.23%)



ਹਰਮਨਪ੍ਰੀਤ ਕੌਰ
ਬੀ.ਐਸ.ਸੀ.-II ਮੈਡੀਕਲ
ਸਮੈਸਟਰ-III
(82.47%)



ਉਰਵੀ ਜੈਨ
ਬੀ.ਐਸ.ਸੀ.-III ਮੈਡੀਕਲ
ਸਮੈਸਟਰ-V ਅਤੇ VI
(87.55%) ਅਤੇ (89.11%)



ਦੀਪਿਕਾ
ਬੀ.ਐਸ.ਸੀ.-III ਮੈਡੀਕਲ
ਸਮੈਸਟਰ-V ਅਤੇ VI
(85.77%) ਅਤੇ (86.00%)



ਕਾਜਲ ਮਿੱਤਲ
ਬੀ.ਐਸ.ਸੀ.-I ਨਾਨ-ਮੈਡੀਕਲ
ਸਮੈਸਟਰ-I ਅਤੇ II
(75.00%) ਅਤੇ (84.45%)



ਅਨੀਸ਼ਾ
ਬੀ.ਐਸ.ਸੀ.-I ਨਾਨ-ਮੈਡੀਕਲ
ਸਮੈਸਟਰ-I
(73.27%)



ਨੇਹਾ
ਬੀ.ਐਸ.ਸੀ.-I ਨਾਨ-ਮੈਡੀਕਲ
ਸਮੈਸਟਰ-II
(77.09%)



ਵਿਸ਼ਾਲੀ ਗੁਪਤਾ
ਬੀ.ਐਸ.ਸੀ.-II ਨਾਨ-ਮੈਡੀਕਲ
ਸਮੈਸਟਰ-III
(85.76%)



ਰੁਪਾਲੀ
ਬੀ.ਐਸ.ਸੀ.-II ਨਾਨ-ਮੈਡੀਕਲ
ਸਮੈਸਟਰ-V
(82.08%)



ਸਿਮਰਨ ਕੌਰ ਸੇਖੋਂ
ਬੀ.ਸੀ.ਏ.-I
ਸਮੈਸਟਰ-I
(81.33%)



ਸ਼ਿਵਾਨੀ
ਬੀ.ਐਸ.ਸੀ.-III ਨਾਨ-ਮੈਡੀਕਲ
ਸਮੈਸਟਰ-V
(89.81%)



ਆਂਚਲ
ਬੀ.ਐਸ.ਸੀ.-III ਨਾਨ-ਮੈਡੀਕਲ
ਸਮੈਸਟਰ-V ਅਤੇ VI
(87.63%) ਅਤੇ (85.45%)



ਕੋਮਲ
ਬੀ.ਐਸ.ਸੀ.-III ਨਾਨ-ਮੈਡੀਕਲ
ਸਮੈਸਟਰ-VI
(85.45%)



ਸਿਮਰਨਜੀਤ ਕੌਰ
ਬੀ.ਐਸ.ਸੀ.-III ਨਾਨ-ਮੈਡੀਕਲ
ਸਮੈਸਟਰ-VI
(85.09%)



ਪੱਲਵੀ
ਬੀ.ਐਸ.ਸੀ.- ਐਗਰੀ.
ਸਮੈਸਟਰ-I ਅਤੇ II
(85.33%)
ਪਹਿਲਾ ਸਥਾਨ



ਅਪਨਜੋਤ ਕੌਰ ਸਿੱਧੂ
ਬੀ.ਐਸ.ਸੀ.- ਐਗਰੀ.
ਸਮੈਸਟਰ-II ਅਤੇ IV
(90.00%)
ਪਹਿਲਾ ਸਥਾਨ



ਮਨਪ੍ਰੀਤ ਸਿੰਘ
ਬੀ.ਐਸ.ਸੀ.- ਐਗਰੀ.
ਸਮੈਸਟਰ-V ਅਤੇ VI
(90.00%)
ਪਹਿਲਾ ਸਥਾਨ



ਸ਼ੁਭਮ ਅਨੰਦ
ਬੀ.ਐਸ.ਸੀ.- ਐਗਰੀ.
ਸਮੈਸਟਰ-VIII
(82.81%)
ਪਹਿਲਾ ਸਥਾਨ

# ਸੈਸ਼ਨ-2017-18 ਦੀਆਂ ਕੁੱਝ ਝਲਕੀਆਂ



ਸੈਂਟਰਲ ਯੂਨੀ. ਆਫ ਪੰਜਾਬ, ਬਠਿੰਡਾ ਵਿਖੇ ਭਾਸ਼ਾਵਾਂ ਅਤੇ ਤੁਲਨਾਤਮਕ ਅਧਿਐਨ ਵਿਭਾਗ ਵੱਲੋਂ ਡਾ. ਹਰਿਵੰਸ਼ ਰਾਏ ਬੱਚਨ ਦੇ 110ਵੇਂ ਜਨਮ ਦਿਵਸ ਦੇ ਮੌਕੇ ਮਿਤੀ 27-11-2017 ਨੂੰ ਭਾਸ਼ਣ ਅਤੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ ਦੇ ਪ੍ਰੋ. ਸੋਨਿਕਾ ਰਾਣੀ, ਮੁਖੀ, ਹਿੰਦੀ ਵਿਭਾਗ ਦੀ ਅਗਵਾਈ ਹੇਠ ਬੀ.ਏ. ਭਾਗ ਤੀਜਾ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ।



ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ ਡਾ. ਨਿਰਮਲ ਕੌਸ਼ਿਕ, ਡਾ. ਪਰਮਿੰਦਰ ਸਿੰਘ, ਹਿੰਦੀ ਵਿਭਾਗ ਮੁਖੀ, ਪ੍ਰੋ. ਸੋਨਿਕਾ ਰਾਣੀ ਅਤੇ ਹੋਰ ਪ੍ਰੋਫੈਸਰ ਸਾਹਿਬਾਨ 14-09-2017 ਨੂੰ ਹਿੰਦੀ ਦਿਵਸ ਮਨਾਉਂਦੇ ਹੋਏ।



ਵੱਲਭ ਭਾਈ ਪਟੇਲ ਦੇ ਜਨਮ ਦਿਵਸ ਮੌਕੇ 'ਕੌਮੀ ਏਕਤਾ ਦਿਵਸ' ਮਨਾਉਂਦੇ ਹੋਏ ਪ੍ਰਿੰਸੀਪਲ ਹੁਸ਼ਿਆਰ ਸਿੰਘ, ਪ੍ਰੋ. ਨਵੀਨ ਜੈਨ (ਬਰਸਰ) ਅਤੇ ਅੰਗਰੇਜ਼ੀ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ।



ਪੰਜਾਬੀ ਵਿਭਾਗ ਅਤੇ ਅਰਥ-ਸ਼ਾਸ਼ਤਰ ਵਿਭਾਗ ਦੇ ਅਧਿਆਪਕ ਅਤੇ ਵਿਦਿਆਰਥੀ ਵਿੱਦਿਅਕ ਟੂਰ ਦੌਰਾਨ।



ਐਮ.ਏ. ਪੰਜਾਬੀ ਭਾਗ ਦਜਾ ਦੀ ਵਿਦਾਇਗੀ ਪਾਰਟੀ ਦੌਰਾਨ ਅਧਿਆਪਕ ਅਤੇ ਵਿਦਿਆਰਥੀ।



ਓਪਨ ਏਅਰ ਥੀਏਟਰ, ਸਰਕਾਰੀ ਬ੍ਰਜਿੰਦਰਾ ਕਾਲਜ, ਫਰੀਦਕੋਟ ਵਿਖੇ ਨਾਟਕ ਲੇਖਕ ਜਸਪ੍ਰੀਤ ਜੱਗੀ, ਡਾਇਰੈਕਟਰ ਕੀਰਤੀ ਕ੍ਰਿਪਾਲ, ਜੋੜ ਨਾਟਿਅਮ ਜੈਤੋ ਨੂੰ ਪੇਸ਼ ਕਰਨ ਵਾਲੇ ਕਲਾਕਾਰ ਨੂੰ ਆਸ਼ੀਰਵਾਦ ਦਿੰਦੇ ਹੋਏ ਮੁੱਖ ਮਹਿਮਾਨ ਸ. ਜਸਜੀਤ ਸਿੰਘ ਚਾਹਲ, ਸ. ਗੁਰਮੀਤ ਸਿੰਘ, ਗਾਇਕ ਸ. ਨਿਰਮਲ ਸਿੰਘ ਸਿੱਧੂ, ਯੂਥ ਕੋਆਰਡੀਨੇਟਰ ਪ੍ਰੋ. (ਡਾ.) ਪਰਮਿੰਦਰ ਸਿੰਘ ਤੇ ਸਟਾਫ ਮੈਂਬਰ।



ਅੰਤਰ ਕਾਲਜ (ਹੈਂਡਬਾਲ) ਜੇਤੂ ਟੀਮ (ਪਹਿਲਾ ਸਥਾਨ)।



ਸ੍ਰੀ ਟੋਨੀ ਵਧਵਾ ਜੀ 'ਅਧਿਆਪਕ ਦਿਵਸ' ਤੇ ਇਕਨਾਮਿਕਸ ਵਿਭਾਗ ਵਿੱਚ ਪ੍ਰੋਜੈਕਟਰ ਰਾਹੀਂ ਵਿਦਿਆਰਥੀਆਂ ਨੂੰ U.G.C. ਦੇ ਨੈੱਟ ਟੈਸਟ ਬਾਰੇ ਜਾਣਕਾਰੀ ਦਿੰਦੇ ਹੋਏ।

# ਸੈਸ਼ਨ-2017-18 ਦੀਆਂ ਕੁੱਝ ਝਲਕੀਆਂ



ਕਾਮਰਸ ਵਿਭਾਗ ਦੀ ਵਿਦਾਇਗੀ ਪਾਰਟੀ ਮੌਕੇ ਪ੍ਰਿੰਸੀਪਲ ਸਤਨਾਮ ਸਿੰਘ ਅਤੇ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ।



ਫਿਨਿਸ਼ਿੰਗ ਸਕੂਲ ਸ਼ੁਰੂ ਕਰਨ ਸਮੇਂ ਪ੍ਰਿੰਸੀਪਲ ਹੁਸ਼ਿਆਰ ਸਿੰਘ, ਪ੍ਰੋ. ਨਵੀਨ ਜੈਨ (ਬਰਸਰ), ਡਾ. ਨਿਰਵਰਿੰਦਰ ਕੌਰ ਸੰਧੂ, ਰੂਸਾ ਕੋ-ਆਰਡੀਨੇਟਰ ਅਤੇ ਫਿਨਿਸ਼ਿੰਗ ਸਕੂਲ ਦੇ ਕਨਵੀਨਰ ਅਤੇ ਟ੍ਰੇਨਰ ਪ੍ਰੋਫੈਸਰ ਸਾਹਿਬਾਨ।



ਫਿਨਿਸ਼ਿੰਗ ਸਕੂਲ ਦੇ ਵਿਦਿਆਰਥੀ ਪਰਸੈਨਲਿਟੀ ਡਿਵੈਲਪਮੈਂਟ ਵਿਸ਼ੇ ਤੇ ਸੈਮੀਨਾਰ ਦੌਰਾਨ ਮਹੱਤਵਪੂਰਣ ਜਾਣਕਾਰੀ ਹਾਸਿਲ ਕਰਦੇ ਹੋਏ।



ਬਾਬਾ ਫਰੀਦ ਆਗਮਨ ਪੁਰਬ 19 ਸਤੰਬਰ, 2018 ਮੌਕੇ ਖੂਨਦਾਨ ਕੈਂਪ ਦਾ ਉਦਘਾਟਨ ਕਰਦੇ ਹੋਏ ਸ਼੍ਰੀਮਤੀ ਮਧੂਮੀਤ ਕੌਰ ਸੰਧੂ, ਵਧੀਕ ਡਿਪਟੀ ਕਮਿਸ਼ਨਰ, ਫਰੀਦਕੋਟ, ਪ੍ਰੋ. (ਡਾ.) ਪਰਮਿੰਦਰ ਸਿੰਘ ਖੂਨਦਾਨੀ ਨੂੰ ਬੈਚ ਲਗਾਉਂਦੇ ਹੋਏ-161 ਯੂਨਿਟ ਖੂਨਦਾਨ ਕੀਤੇ।




ਅੰਤਰ ਕਾਲਜ ਸਕੂਲਾਂ ਦੇ ਲਗਾਏ ਸਾਝੇ ਮਹਾਂ ਖੂਨਦਾਨ ਕੈਂਪ ਦਾ ਉਦਘਾਟਨ ਕਰਦੇ ਹੋਏ ਮਾਨਯੋਗ ਡਾ. ਰਾਜ ਬਹਾਦਰ ਸਿੰਘ, ਵਾਈਸ ਚਾਂਸਲਰ, ਬਾਬਾ ਫਰੀਦ ਯੂਨੀ. ਆਫ ਹੈਲਥ ਸਾਇੰਸਿਜ, ਫਰੀਦਕੋਟ, ਕਾਰਜਕਾਰੀ ਪ੍ਰਿੰਸੀਪਲ ਸ. ਹੁਸ਼ਿਆਰ ਸਿੰਘ ਸਰਾਂ, ਸ. ਜਗਜੀਤ ਸਿੰਘ ਚਾਹਲ, ਅਸਿਸਟੈਂਟ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ, ਫਰੀਦਕੋਟ, ਪ੍ਰੋ. (ਡਾ.) ਪਰਮਿੰਦਰ ਸਿੰਘ ਅਤੇ ਸਮੂਹ ਸਟਾਫ ਮੈਂਬਰ (171 ਯੂਨਿਟ ਖੂਨਦਾਨ)



ਬਾਇਓਲੌਜੀ ਵਿਭਾਗ ਬੀ.ਐਸ.ਸੀ. (ਮੈਡੀ.)-III ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਸ੍ਰੀ ਤਰਨਤਾਰਨ ਸਾਹਿਬ ਵਿਖੇ ਇੰਚਾਰਜ ਪ੍ਰੋ. (ਡਾ) ਰਮਿੰਦਰ ਘਈ, ਪ੍ਰੋ. ਵਰਿੰਦਰ ਮੱਕੜ ਅਤੇ ਪ੍ਰੋ. ਨਵਪ੍ਰੀਤ ਅਰੋੜਾ।।



ਬਾਇਓਲੌਜੀ ਵਿਭਾਗ ਬੀ.ਐਸ.ਸੀ. (ਮੈਡੀ.)-I ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਸਾਇੰਸ ਸਿਟੀ ਵਿਖੇ ਇੰਚਾਰਜ ਪ੍ਰੋ. (ਡਾ) ਰਮਿੰਦਰ ਘਈ, ਪ੍ਰੋ. ਪ੍ਰਿਅੰਕਾ, ਪ੍ਰੋ. ਨਵਪ੍ਰੀਤ ਅਤੇ ਪ੍ਰੋ. ਸੁਖਪਾਲ ਕੌਰ।



ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਕਾਮਰਸ ਵਿਭਾਗ ਵੱਲੋਂ ਕਰਵਾਏ ਗਏ ਸੈਮੀਨਾਰ ਮੌਕੇ ਡਾ. ਅਵਨਿੰਦਰਪਾਲ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ ਸ. ਸਤਨਾਮ ਸਿੰਘ ਅਤੇ ਪ੍ਰੋਫੈਸਰ ਸਾਹਿਬਾਨ।

राष्ट्रीय मूल्यांकन एवं प्रत्यायन परिषद

विश्वविद्यालय अनुदान आयोग का स्वायत्त संस्थान

NATIONAL ASSESSMENT AND ACCREDITATION COUNCIL

*An Autonomous Institution of the University Grants Commission*

# Certificate of Accreditation

The Executive Committee of the
National Assessment and Accreditation Council
on the recommendation of the duly appointed
Peer Team is pleased to declare the

Government Brijindra College

Faridkot, affiliated to Punjabi University, Punjab as

Accredited

with CGPA of 3.11 on four point scale

at A grade

valid up to February 18, 2021

Date : February 19, 2016

Director

EC(SC)/12/A&A/55.2

# ਸੈਸ਼ਨ-2017-18 ਦੀਆਂ ਕੁੱਝ ਝਲਕੀਆਂ



ਸ. ਸਰਬਜੀਤ ਸਿੰਘ, ਹੈਡ ਕਮਿਊਨੀਕੇਸ਼ਨ ਅਤੇ ਜਰਨਲਿਜ਼ਮ ਵਿਭਾਗ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦਾ ਬ੍ਰਿਜਿੰਦਰਾ ਕਾਲਜ, ਫਰੀਦਕੋਟ ਵਿਖੇ ਖੇਤੀਬਾੜੀ ਵਿਭਾਗ ਵਿਖੇ ਕਿਸਾਨ ਆਤਮ ਹੱਤਿਆ ਵਿਸ਼ੇ ਤੇ ਲੈਕਚਰ ਦੇਣ ਤੇ ਸਨਮਾਨ ਕਰਦੇ ਹੋਏ ਪ੍ਰੋ. ਹੁਸ਼ਿਆਰ ਸਿੰਘ ਅਤੇ ਸਟਾਫ਼ ਮੈਂਬਰ ਸਾਹਿਬਾਨ।



ਡਾ. ਐਸ.ਪੀ. ਸਿੰਘ ਓਬਰਾਏ ਚੇਅਰਮੈਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.) ਨੂੰ ਕਾਲਜ ਵਿੱਚ ਆਉਣ ਦੇ ਜੀ ਆਇਆਂ ਨੂੰ ਕਹਿੰਦੇ ਹੋਏ ਪ੍ਰਿੰਸੀਪਲ ਸ. ਸਤਨਾਮ ਸਿੰਘ, ਸ. ਤੇਜਿੰਦਰ ਸਿੰਘ ਮੋੜ, ਪ੍ਰਧਾਨ ਓਲਡ ਸਟੂਡੈਂਟਸ ਐਸੋਸੀਏਸ਼ਨ, ਪ੍ਰੋ. ਐਸ.ਐਸ. ਬਾਜਵਾ ਅਤੇ ਸਹਿਯੋਗੀ।



ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦਰਮਿਆਨ ਸਵੱਛ ਭਾਰਤ ਸਵੱਸਥ ਭਾਰਤ ਦਾ ਅਵਾਮ ਨੂੰ ਸੁਨੇਹਾ ਦੇਣ ਲਈ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕਰਦੇ ਮੁੱਖ ਮਹਿਮਾਨ ਸ. ਜਗਜੀਤ ਸਿੰਘ ਚਾਹਲ, ਅਸਿਸਟੈਂਟ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਫਰੀਦਕੋਟ, ਪ੍ਰੋ ਹੁਸ਼ਿਆਰ ਸਿੰਘ, ਪ੍ਰੋ. (ਡਾ.) ਪਰਮਿੰਦਰ ਸਿੰਘ, ਪ੍ਰੋ. ਨਵੀਨ ਜੈਨ ਤੇ ਸਟਾਫ਼ ਮੈਂਬਰ।




ਕਾਲਜ ਦੇ ਸਲਾਨਾ ਖੇਡ ਸਮਾਰੋਹ ਦੇ ਮੌਕੇ ਸਾਬਕਾ ਪ੍ਰਿੰਸੀਪਲ ਪ੍ਰੋ. ਮਹਿੰਦਰ ਕੌਰ ਸੰਧੂ ਅਤੇ ਪ੍ਰਿੰਸੀਪਲ (ਡਾ.) ਅਨਿਲ ਕੁਮਾਰ ਵਰਮਾ ਜੀ, ਡਾ. ਹਰਜਿੰਦਰ ਕੌਰ (ਮੁਖੀ) ਬੈਸਟ ਐਥਲੀਟ ਨੂੰ ਸਨਮਾਨਿਤ ਕਰਦੇ ਹੋਏ।



ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਰੀਜਨਲ ਰੀਸਰਚ ਸਟੇਸ਼ਟ, ਫਰੀਦਕੋਟ ਵਿਖੇ ਲਗਾਏ ਕਿਸਾਨ ਮੇਲੇ ਵਿੱਚ ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ ਦੇ ਖੇਤੀਬਾੜੀ ਵਿਭਾਗ ਦੇ ਵਿਦਿਆਰਥੀ ਆਪਣੇ ਪ੍ਰੋਫੈਸਰ ਸਾਹਿਬਾਨ ਨਾਲ।



ਐਮ.ਏ. (ਅੰਗਰੇਜ਼ੀ) (2016-18) ਪਹਿਲੇ ਬੈਚ ਦੇ ਵਿਦਿਆਰਥੀ ਪ੍ਰਿੰਸੀਪਲ ਸਾਹਿਬ ਅਤੇ ਅੰਗਰੇਜ਼ੀ ਵਿਭਾਗ ਦੇ ਸਮੂਹ ਪ੍ਰੋਫੈਸਰ ਸਾਹਿਬਾਨ ਦੇ ਨਾਲ।



ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਲਗਾਏ [illegible] ਪ੍ਰਿੰਸੀਪਲ ਸ. ਹੁਸ਼ਿਆਰ ਸਿੰਘ ਸਰਾਂ, [illegible] ਪ੍ਰੋ. ਤੇਜਿੰਦਰ ਸਿੰਘ, ਸਟਾਫ ਸਕੱਤਰ, ਪ੍ਰੋ. ਨਵੀਨ ਜੈਨ [illegible] ਸਾਹਿਬਾਨ।



26 ਜਨਵਰੀ, 2018 ਨੂੰ ਪਰੇਡ ਵਿੱਚ ਹਿੱਸਾ ਲੈਣ ਤੋਂ ਬਾਅਦ ਸਮੂਹ ਐਨ.ਸੀ.ਸੀ. ਕੈਡਿਟ ਡਾ. ਨਰਿੰਦਰਜੀਤ ਸਿੰਘ ਬਰਾੜ ਅਤੇ ਡਾ. ਜਲੌਰ ਸਿੰਘ ਖੀਵਾ